ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਹਰਿਚਰਣ ਕਮਲ ਸਾਹਿਬ

## ਫੇਜ਼ 10, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੋਹਾਲੀ

Apr. 22 10:39PM Kiran Jha

ਅਕਤੂਬਰ, 1999 ਵਿੱਚ ਪੰਜਾਬ ਅਰਬਨ ਵਿਕਾਸ ਅਥਾਰਟੀ ਵੱਲੋਂ ਅਲਾਟ ਕੀਤੇ ਗਏ ਪਲਾਟ ਤੇ ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਦੇ ਨਿਰਮਾਣ ਦਾ ਕੰਮ ਚੱਲ ਰਿਹਾ ਹੈ। ਗੁਰਦੁਆਰਾ ਸਾਹਿਬ ਦੀ ਬੇਸਮੈਂਟ, ਪਾਉੜੀਆਂ ਅਤੇ ਦੋ ਕਮਰੇ ਬਣਾਏ ਜਾ ਚੁੱਕੇ ਹਨ ਅਤੇ ਬੇਸਮੈਂਟ ਉਪਰ ਦਰਬਾਰ ਸਾਹਿਬ ਦੇ ਹਾਲ ਦੀ ਉਸਾਰੀ ਦਾ ਕੰਮ ਜਲਦੀ ਹੀ ਸ਼ੁਰੂ ਕੀਤਾ ਜਾਣਾ ਹੈ। ਆਮਦਨ ਦੇ ਬਹੁਤ ਹੀ ਸੀਮਿਤ ਵਸੀਲਿਆਂ ਦੇ ਬਾਵਜੂਦ ਵੀ ਹੇਠ ਲਿਖੇ ਕਾਰਜ ਵਾਹਿਗੁਰੂ ਦੀ ਅਪਾਰ ਬਖਸ਼ਿਸ਼ ਸਦਕਾ ਚੱਲ ਰਹੇ ਹਨ:-

- ਫਰੀ ਚੈਰੀਟੇਬਲ ਡਿਸਪੈਂਸਰੀ ਜਿਸ ਵਿੱਚ ਬਹੁਤ ਹੀ ਕਾਬਲ ਡਾਕਟਰ ਸੇਵਾ ਨਿਭਾ ਰਹੇ ਹਨ। ਇਹ ਡਿਸਪੈਂਸਰੀ ਸੇਵਕ ਚੈਰੀਟੇਬਲ ਟ੍ਰਸਟ ਦੇ ਸਹਿਯੋਗ ਸਦਕਾ ਚਲਾਈ ਜਾ ਰਹੀ ਹੈ।
- ਭਾਈ ਗੁਰਦਾਸ ਕੋਚਿੰਗ ਸੈਂਟਰ ਸਥਾਪਿਤ ਕਰਕੇ ਨੌਵੀਂ ਦਸਵੀਂ ਅਤੇ ਗਿਆਰਵੀਂ ਦੇ ਵਿਦਿਆਰਥੀਆਂ ਨੂੰ ਅੰਗਰੇਜ਼ੀ, ਸਾਇੰਸ ਅਤੇ ਮੈਥਸ ਦੀ ਫਰੀ ਕੋਚਿੰਗ ਦਿਤੀ ਜਾ ਰਹੀ ਹੈ।
- ਬੱਚਿਆਂ ਨੂੰ ਗੁਰਮਤਿ ਦੀਆਂ ਸੇਧਾਂ ਦੇਣ ਹਿੱਤ ਰੋਜ਼ਾਨਾ ਧਾਰਮਿਕ ਸਿੱਖਿਆ ਦੀਆਂ ਕਲਾਸਾਂ ਲਗਾਈਆਂ ਜਾ ਰਹੀਆਂ ਹਨ। ਇਹਨਾਂ ਕਲਾਸਾਂ ਵਿੱਚ ਬੱਚਿਆਂ ਤੋਂ ਇਲਾਵਾ ਨੌਜਵਾਨਾਂ ਅਤੇ ਵੱਡਿਆਂ ਦਾ ਵੀ ਉਤਸ਼ਾਹ ਨਜ਼ਰ ਆਇਆ ਹੈ।
- ਦਸ਼ਮੇਸ਼ ਗਤਕਾ ਪਾਰਟੀ ਅਤੇ ਸੇਵਕ ਜੱਥੇ ਦੇ ਸਹਿਯੋਗ ਨਾਲ ਬੱਚਿਆਂ ਨੂੰ ਗੱਤਕਾ ਸਿਖਾਇਆ ਜਾ ਰਿਹਾ ਹੈ।
- ਗੁਰਦੁਆਰਾ ਸਾਹਿਬ ਦੇ ਸਥਾਪਨਾ ਦਿਵਸ ਦੇ ਸਬੰਧ ਵਿੱਚ ਹਰ ਸਾਲ ਬੱਚਿਆਂ ਦੇ ਕੀਰਤਨ, ਲੈਕਚਰ, ਕਵਿਤਾ, ਗੁਰਬਾਣੀ ਕੰਠ ਅਤੇ ਦਸਤਾਰਬੰਦੀ ਦੇ ਮੁਕਾਬਲੇ ਕਰਵਾਏ ਜਾਂਦੇ ਹਨ ਜਿਸ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਹੀ ਨਹੀਂ ਬਲਕਿ ਚੰਡੀਗੜ੍ਹ ਅਤੇ ਆਸਪਾਸ ਦੇ ਇਲਾਕਿਆਂ ਦੇ ਬੱਚੇ ਵੀ ਹਿੱਸਾ ਲੈਂਦੇ ਹਨ।
- ਗੁਰਮਤਿ ਲਾਇਬ੍ਰੇਰੀ ਦੀ ਪ੍ਰਾਰੰਭਤਾ ਕੀਤੀ ਗਈ ਹੈ ਅਤੇ ਇਸ ਵਿੱਚ ਸਿੱਖ ਇਤਿਹਾਸ ਨਾਲ ਸਬੰਧਤ ਨਵੀਆਂ ਰੈਫਰੈਂਸ ਬੁਕਸ ਮੰਗਾਵਾਉਣ ਹਿੱਤ ਪ੍ਰਬੰਧਕ ਕਮੇਟੀ ਯਤਨ ਸ਼ੀਲ ਹੈ।
- ਇਸਤ੍ਰੀ ਸਤਿਸੰਗ ਸਭਾ ਦੇ ਸਹਿਯੋਗ ਨਾਲ ਸੁਖਮਨੀ ਸਾਹਿਬ ਦੇ ਪਾਠਾਂ ਤੋਂ ਇਲਾਵਾ ਗੁਰਮਤਿ ਦੇ ਪ੍ਰਸਾਰ ਅਤੇ ਪ੍ਰਚਾਰ ਲਈ ਘਰੋ ਘਰੀ ਕੀਰਤਨ ਦੇ ਪ੍ਰੋਗਰਾਮ ਕੀਤੇ ਜਾਂ ਰਹੇ ਹਨ ਜਿਸ ਨੂੰ ਸੰਗਤਾਂ ਵਲੋਂ ਭਰਵਾਂ ਹੁੰਗਾਰਾ ਮਿਲਿਆ ਹੈ।
- ਇਤਿਹਾਸਿਕ ਗੁਰਦੁਆਰਿਆਂ, ਗੁਰੂਧਾਮਾਂ ਦੇ ਦਰਸ਼ਨਾ ਹਿਤ ਅਤੇ ਉਹਨਾਂ ਅਸਥਾਨਾਂ ਨਾਲ ਸਬੰਧਤ ਇਤਿਹਾਸ ਦੀ ਜਾਣਕਾਰੀ ਲਈ ਸਮੇਂ ਸਮੇਂ ਤੇ ਯਾਤਰਾ ਦਾ ਪ੍ਰਬੰਧ ਕੀਤਾ ਜਾਂਦਾ ਹੈ।
- ਹਰ ਸ਼ਨੀਵਾਰ ਨੂੰ ਬੱਚਿਆਂ ਲਈ ਵਿਸ਼ੇਸ਼ ਦੀਵਾਨ ਸਜਾਏ ਜਾਂਦੇ ਹਨ ਜਿਸ ਵਿੱਚ ਬੱਚੇ ਆਪ ਹੀ ਕੀਰਤਨ, ਕਥਾ, ਗੁਰਬਾਣੀ ਵਿਚਾਰਾਂ, ਕਵਿਤਾ ਅਤੇ ਲੈਕਚਰ ਦਿੰਦੇ ਹਨ ਅਤੇ ਗੁਰਮਤਿ ਦੀ ਜਾਣਕਾਰੀ ਪ੍ਰਾਪਤ ਕਰਦੇ ਹਨ। ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਹਰ ਸ਼ਨੀਵਾਰ ਸ਼ਾਮ ਨੂੰ ਗੁਰੂ ਕੇ ਲੰਗਰ ਵੀ ਆਯੋਜਿਤ ਕੀਤੇ ਜਾਂਦੇ ਹਨ।
- ਗੁਰਦੁਆਰਾ ਸਾਹਿਬ ਵਿਚ ਨਿੱਤਾ ਪ੍ਰਤੀ ਸ਼ਾਮ ਵੇਲੇ ਐਕਯੂਪ੍ਰੈਸ਼ਰ ਡਾਕਟਰ ਨਾੜੀ ਨੱਪ ਪ੍ਰਣਾਲੀ ਰਾਹੀ ਇਲਾਜ ਲਈ ਆਉਂਦੇ ਹਨ ਜਿਸ ਤੋਂ ਸੰਗਤਾਂ ਭਾਰੀ ਗਿਣਤੀ ਵਿਚ ਲਾਹੇਵੰਦ ਹੋ ਰਹੀਆਂ ਹਨ।
- ਗੁਰਦੁਆਰਾ ਸਾਹਿਬ ਵਿਚ ਕੀਰਤਨ ਸਿਖਲਾਈ ਦੇ ਵਿਸ਼ੇਸ਼ ਪ੍ਰੋਗਰਾਮ ਬਣਾਏ ਗਏ ਹਨ ਜਿਸ ਵਿਚ ਕੀਰਤਨ ਵਿਅਕਤੀਗਤ ਅਤੇ ਗਰੁਪ ਕੀਰਤਨ ਸਿਖਾਇਆ ਜਾਂਦਾ ਹੈ।

ੴ

ਸਤਿਗੁਰ ਪ੍ਰਸਾਦਿ

# ਪਿਊ ਦਾਦੇ ਕਾ ਖੋਲਿ ਡਿਠਾ ਖਜਾਨਾ




ਪ੍ਰਕਾਸ਼ਕ

## ਗੁਰਦੁਆਰਾ ਹਰਿਚਰਣ ਕਮਲ ਸਾਹਿਬ

...ਅਜੀਤ ਸਿੰਘ ਨਗਰ, ਮੋਹਾਲੀ, ...

# ਸਮਰਪਣ

ਦਸਾਂ ਪਾਤਸ਼ਾਹੀਆਂ ਦੀ ਜਾਗਤ ਜੋਤ

**ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ**

ਜੋ ਸਮੁੱਚੀ ਮਨੁੱਖਤਾ ਨੂੰ

ਜੀਵਨ ਜਾਂਚ ਦਾ ਉਪਦੇਸ਼

ਦੇ ਰਹੇ ਹਨ ।


ਪਹਿਲੀ ਖੇਪ : ਅਕਤੂਬਰ, 2004
ਕਾਪੀਆਂ : 5000

ਮੁੱਲ : 10/- ਰੁਪਏ ਪ੍ਰਤੀ ਕਾਪੀ



ਗੁਰਦੁਆਰਾ ਹਰਿਚਰਣ ਕਮਲ ਸਾਹਿਬ
ਫੇਜ਼-10, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੋਹਾਲੀ, ਜਿਲ੍ਹਾ ਰੋਪੜ
ਫੋਨ : 0172-2214969


ੴ ਸਤਿਗੁਰ ਪ੍ਰਸਾਦਿ

## ਭੂਮਿਕਾ

ਅੱਜ ਦੇ ਰੁਝਾਨ ਵਿੱਚ ਬੱਚਿਆਂ ਦੇ ਵੱਧਦੇ ਪਤਿਤਪੁਣੇ ਨੂੰ ਦੇਖ ਕੇ ਦਾਸ ਦੇ ਮਨ ਨੂੰ ਧੂਅ ਜਿਹੀ ਪੈਂਦੀ ਹੈ। ਇਸ ਨੂੰ ਧਿਆਨ ਵਿੱਚ ਲੈ ਕੇ ਵਾਹਿਗੁਰੂ ਅੱਗੇ ਅਰਦਾਸ ਕਰਕੇ, ਬੱਚਿਆਂ ਨੂੰ ਪਾਠ ਕਰਾਉਣ ਅਤੇ ਗੁਰ ਇਤਿਹਾਸ ਤੋਂ ਜਾਣੂ ਕਰਾਉਣ ਹਿੱਤ ਦਾਸ ਦੇ ਆਪਣੀ ਸਿੰਘਣੀ ਬੀਬੀ ਬੇਅੰਤ ਕੌਰ ਨਾਲ ਸਲਾਹ ਮਸ਼ਵਰਾ ਕੀਤਾ ਅਤੇ ਉਸ ਨੇ ਮੈਨੂੰ ਬਹੁਤ ਸਹਿਯੋਗ ਵੀ ਦਿੱਤਾ । ਅਸੀਂ ਆਪਣੇ ਬੱਚਿਆਂ ਨੂੰ ਲੈ ਕੇ ਆਪਣੇ ਘਰੋਂ ਹੀ ਬੱਚਿਆਂ ਨੂੰ ਨਿਤਨੇਮ ਅਤੇ ਗੁਰ ਇਸਿਹਾਸ ਨਾਲ ਜੋੜਨ ਦਾ ਹੈ ਇਹ ਕਾਰਜ ਸ਼ੁਰੂ ਕੀਤਾ ਸੀ । ਫਿਰ ਮੁਹੱਲੇ ਦੇ ਬੱਚਿਆਂ ਅਤੇ ਉਹਨਾਂ ਦੇ ਮਾਤਾ ਪਿਤਾ ਨੇ ਸਹਿਯੋਗ ਦਿੱਤਾ ਅਤ ਇਹ ਕਾਰਜ ਵਾਹਿਗੁਰੂ ਦੀ ਕ੍ਰਿਪਾ ਸਦਕਾ ਹੋਰ ਵੀ ਅੱਗੇ ਵਧਿਆ । ਪਾਤਿਸ਼ਾਹ ਨੇ ਹੋਰ ਕਿਰਪਾ ਕੀਤੀ ਅਤੇ ਗੁਰਦੁਆਰਾ ਹਰਿਚਰਣ ਕਮਲ ਸਾਹਿਬ ਲਈ ਅਕਤੂਬਰ, 1999 ਵਿੱਚ ਜਗ੍ਹਾ ਦੀ ਬਖਸ਼ਿਸ਼ ਕਰ ਦਿੱਤੀ।

ਗੁਰਦੁਆਰਾ ਹਰਿਚਰਣ ਕਮਲ ਸਾਹਿਬ ਦੀ ਸਥਾਪਨਾ ਦੇ ਸਬੰਧ ਵਿੱਚ ਹਰ ਸਾਲ ਸਥਾਪਨਾ ਦਿਵਸ ਮਨਾਉਣ ਦੀ ਬੱਲ ਬੁੱਧ ਅਤੇ ਸੋਝੀ ਵਾਹਿਗੁਰੂ ਆਪ ਬਖਸ਼ਿਸ਼ ਕਰ ਰਹੇ ਹਨ। ਮਨ ਵਿੱਚ ਇਹ ਵਿਚਾਰ ਸੀ ਕਿ ਸਥਾਪਨਾ ਦਿਵਸ ਕੇਵਲ ਕੀਰਤਨ ਦਰਬਾਰ ਕਰਾਉਣ ਜਾਂ ਸੁਆਦਲੇ ਲੰਗਰ ਛਕਣ ਛਕਾਉਣ ਤੱਕ ਹੀ ਸੀਮਿਤ ਨਾ ਰਹੇ ਬਲਕਿ ਇਹ ਕੌਮ ਨੂੰ, ਸਿੱਖ ਸਮਾਜ ਨੂੰ, ਸਿੱਖ ਸੰਗਤ ਨੂੰ ਅਤੇ ਹਰ ਪ੍ਰਾਣੀ ਮਾਤਰ ਨੂੰ ਕੋਈ ਸੰਦੇਸ਼ ਦੇਵੇ ਅਤੇ ਉਸ ਦੇ ਅੰਦਰੋ ਕੋਈ ਖ਼ਾਹਿਸ਼ ਪੈਦਾ ਹੋਵੇ।

ਵਿਚਾਰ ਵਟਾਂਦਰਿਆਂ ਉਪਰੰਤ ਸ਼ਰਬਸੰਮਤੀ ਨਾਲ ਇਹ ਨਿਰਣਾ ਕੀਤਾ ਗਿਆ ਕਿ ਸਿੱਖੀ ਦੀ ਮਨੋਹਰ ਬਗ਼ੀਚੀ ਦੇ ਭਵਿੱਖ ਦੇ ਵਾਰਸ

ਬੱਚਿਆਂ ਨੂੰ ਗੁਰਬਾਣੀ ਨਾਲ ਅਤੇ ਗੁਰ ਇਤਿਹਾਸ ਨਾਲ ਜੋੜਨ ਲਈ ਵੱਖ ਵੱਖ ਵਿਸ਼ਿਆਂ ਸਬੰਧੀ ਵੱਖ ਵੱਖ ਬਾਲ ਉਤਸਾਹਿਤ ਸਮਾਗਮ ਕਰਵਾਏ ਜਾਣ ਅਤੇ ਇਹਨਾਂ ਸਮਾਗਮਾਂ ਵਿੱਚ ਜੇਤੂ ਬੱਚਿਆਂ ਨੂੰ ਯੋਗ ਪੱਧਰ ਤੇ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਵੇ। ਵੱਡਾ ਕੰਮ, ਜਗ੍ਹਾ ਦੀ ਕਮੀ, ਕਿਉਂਕਿ ਗੁਰਦੁਆਰਾ ਸਾਹਿਬ ਕੇਵਲ ਆਰਜ਼ੀ ਤੌਰ ਤੇ ਬਣਾਈ ਬਿਲਡਿੰਗ ਵਿੱਚ ਸੀ, ਸੀਮਿਤ ਵਸੀਲੇ ਅਤੇ ਗੁਰਮਤਿ ਸੋਚ ਦੀ ਪੂਰਣ ਸੋਝੀ ਨਾ ਹੋਣ ਦੀ ਸੂਰਤ ਵਿੱਚ ਵੀ ਇਹ ਸਿਲਸਿਲਾ ਪਿਛਲੇ 4 ਸਾਲ ਤੋਂ ਇਤਨੀ ਸਫ਼ਲਤਾ ਨਾਲ ਚੱਲਿਆ ਕਿ ਹਿੱਸਾ ਲੈਣ ਵਾਲੇ ਬੱਚਿਆਂ ਦੀ ਗਿਣਤੀ ਪਹਿਲੇ ਸਾਲ ਦੇ 250 ਤੋਂ ਵਧ ਕੇ ਚੌਥੇ ਸਾਲ ਵਿੱਚ ਲਗਭਗ 1200 ਤੋਂ ਵੀ ਵੱਧ ਹੋ ਗਈ ਅਤੇ ਸੰਗਤ ਦਾ ਵਿਸ਼ੇਸ ਕਰਕੇ ਬੱਚਿਆਂ ਦਾ ਸਿੱਖੀ ਵੱਲ ਵਧਦਾ ਰੁਝਾਨ ਦਾਸਾਂ ਨੂੰ ਵੀ ਅੱਗੇ ਵਧਣ ਲਈ ਪ੍ਰੇਰਦਾ ਰਿਹਾ।

ਹਿੱਸਾ ਲੈਣ ਵਾਲੇ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਨਾਲ ਗੱਲ ਬਾਤ ਕਰਨ ਤੇ ਵਾਰ ਵਾਰ ਇਹ ਗੱਲ ਸਾਹਮਣੇ ਆਈ ਕਿ ਗੁਰਇਤਿਹਾਸ ਨਾਲ ਸਬੰਧਤ ਇਤਿਹਾਸਿਕ ਤੱਥ ਅਗਰ ਪ੍ਰਸ਼ਨ ਉੱਤਰ ਦੇ ਰੂਪ ਵਿੱਚ ਮਿਲ ਜਾਣ ਤਾਂ ਹੋਰ ਵੱਧ ਰੁਝਾਨ ਇਸ ਪਾਸੇ ਹੋ ਸਕਦਾ ਹੈ। ਇਹ ਘਾਟ ਮਨ ਨੂੰ ਟਟੋਲ ਕੇ ਕੁਝ ਕਰਨ ਲਈ ਖਿੱਚ ਪਾਉਂਦੀ ਰਹੀ। ਵਰ੍ਹਾ 2004 ਜੋ ਸਿੱਖ ਸ਼ਤਾਬਦੀਆਂ ਦਾ ਵਰ੍ਹਾ ਕਰਕੇ ਜਾਣਿਆ ਜਾ ਰਿਹਾ ਹੈ ਅਤੇ ਸ੍ਰਬੱਤ ਮਾਈ ਭਾਈ ਦੂਜੀ ਪਾਤਿਸ਼ਾਹੀ ਸਾਹਿਬ ਗੁਰੂ ਅੰਗਦ ਦੇਵ ਜੀ ਦਾ 500ਵਾਂ ਜਨਮ ਦਿਵਸ, ਦਸਾਂ ਪਾਤਸ਼ਾਹੀਆਂ ਦੀ ਜੋਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 400 ਸਾਲਾ ਪਹਿਲਾ ਪ੍ਰਕਾਸ਼ ਦਿਵਸ ਅਤੇ ਦਸ਼ਮੇਸ ਪਿਤਾ ਜੀ ਦੇ ਚੌਹਾਂ ਸਾਹਿਬਜ਼ਾਦਿਆਂ ਦੇ ਨਾਲ ਨਾਲ ਮਾਤਾ ਗੁਜਰੀ ਜੀ ਦੇ ਜੋਤੀ ਜੋਤ ਸਮਾਉਣ ਦੀ 300ਵੀਂ ਵਰ੍ਹੇ ਗੰਢ ਮਨਾ ਰਹੇ ਹਨ। ਵਾਹਿਗੁਰੂ ਨੇ ਇਹ ਸੇਵਾ ਲੈਣ ਲਈ ਥਾਪੜਾ ਦਿੱਤਾ ਕਿ ਤਿੰਨਾਂ ਹੀ ਸ਼ਤਾਬਦੀਆਂ ਨਾਲ ਸਬੰਧਤ ਤੱਥਾਂ ਨੂੰ ਸੌਖੀ ਭਾਸ਼ਾ ਵਿੱਚ ਸੰਖੇਪ ਵਿੱਚ ਪ੍ਰਸ਼ਨ ਉਤਰ ਰੂਪੀ ਕਿਤਾਬ ਬਣਾ ਕੇ ਸੰਗਤਾਂ ਲਈ ਪੇਸ਼ ਕੀਤਾ ਜਾਵੇ। ਇਹ ਕਿਤਾਬ ਸ਼ਤਾਬਦੀ ਪੁਰਬਾਂ ਦੇ ਸਬੰਧ ਵਿੱਚ ਕਰਵਾਏ ਜਾ ਰਹੇ ਗੁਰਮਤਿ ਮੁਕਾਬਲਿਆਂ ਲਈ ਵਿਸ਼ੇਸ ਲਾਹੇਵੰਦ ਹੋਵੇਗੀ ਐਸਾ ਗੁਰੂ ਸਾਹਿਬ ਉਪਰ ਵਿਸ਼ਵਾਸ ਹੈ। ਜਿੱਥੇ ਇਹ ਆਸ ਹੈ ਕਿ ਸੰਗਤਾਂ ਇਸ ਤੋਂ ਭਰਪੂਰ ਲੈਣਗੀਆਂ ਉਥੇ ਇਹ ਵੀ ਸੰਗਤਾਂ ਪ੍ਰਤੀ ਬੇਨਤੀ ਹੈ ਕਿ ਇੱਕ ਇਨਸਾਨ ਹੋਣ ਦੇ ਨਾਤੇ ਕਈ ਕਮੀਆਂ ਰਹਿ ਗਈਆਂ ਹੋਣਗੀਆਂ ਸੋ ਕ੍ਰਿਪਾ ਕਰਕੇ ਜੋ ਵੀ ਕਮੀ ਪੇਸ਼ੀ ਨਜ਼ਰ ਆਵੇ, ਉਹ ਦਾਸ ਦੇ ਧਿਆਨ ਗੋਚਰੇ ਲਿਆਉਣ ਦੀ

ਕ੍ਰਿਪਾਲਤਾ ਕਰਨੀ ਜੀ।

ਬਲਵਿੰਦਰ ਸਿੰਘ
ਮਕਾਨ ਨੰ: 932, ਫੇਜ਼ 10,
ਸਾਹਿਬਜ਼ਾਦਾ ਅਜੀਤ ਸਿੰਘ ਨਗਰ,
ਮੋਹਾਲੀ

ੴ ਸਤਿਗੁਰ ਪ੍ਰਸਾਦਿ

## ਇੱਕ ਉਪਰਾਲਾ - ਇੱਕ ਯਤਨ

ਦਸਾਂ ਗੁਰੂਆਂ ਦੀ ਜਾਗਤ ਜੋਤ, ਕਲਯੁਗ ਕੇ ਬੋਹਿਥ, ਨਾਮ ਬਾਣੀ ਦੇ ਅਵਤਾਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਆਤਮਕ ਗਿਆਨ ਦਾ ਉਹ ਅਥਾਹ ਸਮੁੰਦਰ ਹਨ, ਜਿਸਦੇ ਮਾਣਕ ਮੋਤੀ ਚੁਗਦਿਆਂ ਜਿੰਨੀ ਵੀ ਡੂੰਘਾਈ ਵਿੱਚ ਜਾਈਏ, ਉਨਾਂ ਹੀ ਅਨੰਦ ਪ੍ਰਾਪਤ ਹੁੰਦਾ ਹੈ। ਇਸ ਪਿਉ ਦਾਦੇ ਦੇ ਖਜਾਨੇ ਨੂੰ ਵੇਖ ਵੇਖ, ਮਾਣ ਮਾਣ ਕੇ, ਮਨ ਨਿਧਾਨ ਹੋਈ ਜਾਂਦਾ ਹੈ।

ਵਰ੍ਹਾ 2004, ਸਿੱਖ ਸੰਗਤਾਂ ਲਈ ਵਿਸ਼ੇਸ਼ ਮਾਇਨੇ ਰਖਦਾ ਹੈ। ਇਸ ਵਰ੍ਹੇ ਅਸਾਨੂੰ ਸਿੱਖ ਧਰਮ ਨਾਲ ਸਬੰਧਤ ਇੱਕ ਨਹੀਂ, ਦੋ ਨਹੀਂ ਬਲਕਿ ਤਿੰਨ ਤਿੰਨ ਸ਼ਤਾਬਦੀਆਂ ਮਨਾਉਣ ਦੇ ਸੁਭਾਗੇ ਅਵਸਰ ਪ੍ਰਾਪਤ ਹੋਏ ਹਨ। ਦੂਜੀ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੀ 500ਵੀਂ ਜਨਮ ਸ਼ਤਾਬਦੀ, ਸਰਵਰੇ ਕਾਇਨਾਤ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਦੀ ਚੌਥੀ ਸ਼ਤਾਬਦੀ ਅਤੇ ਦਸਮ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਅਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਅਤੇ ਨਾਲ ਹੀ ਮਾਤਾ ਗੁਜਰੀ ਜੀ ਦੇ ਜੋਤੀ ਜੋਤ ਸਮਾਉਣ ਦੀ ਤੀਜੀ ਸ਼ਤਾਬਦੀ ਮਨਾ ਕੇ ਸ਼ਰਧਾ ਦੇ ਫੁੱਲ ਭੇਂਟ ਕਰਨ ਦੇ ਅਵਸਰ ਪ੍ਰਾਪਤ ਹੋ ਰਹੇ ਹਨ। ਹਰ ਗੁਰਸਿੱਖ ਮਾਈ ਭਾਈ ਭਾਵੇਂ ਉਹ ਸੰਸਾਰ ਦੇ ਕਿਸੇ ਕੋਨੇ ਵਿੱਚ ਵਿਚਰ ਰਿਹਾ ਹੈ, ਸ਼ਤਾਬਦੀਆਂ ਪ੍ਰਤੀ ਉਤਸ਼ਾਹਿਤ ਹੈ। ਇਹ ਸ਼ਤਾਬਦੀਆਂ ਇਕੱਲੇ ਇਕੱਲੇ ਰੂਪ ਵਿੱਚ ਇਤਨਾ ਵੱਡਾ ਸੁਨੇਹਾ ਦੇਂਦੀਆਂ ਹਨ ਕਿ ਮਨੁੱਖ ਮਾਤਰ ਆਪਣੇ ਜੀਵਨ ਦੀ ਕਾਇਆ ਕਲਪ ਕਰ ਸਕਦਾ ਹੈ।

ਪੁਰਬ-ਤਿਉਹਾਰ ਮਨਾਉਣੇ ਤਾਂ ਹੀ ਸਫਲੇ ਹੁੰਦੇ ਹਨ ਜੇ ਅਸੀਂ ਉਹਨਾਂ ਨਾਲ ਸਬੰਧਤ ਇਤਿਹਾਸ ਦੀਆਂ ਡੂੰਘਾਈਆਂ ਨੂੰ ਛੂਹ ਕੇ ਗੁਰੂ ਸਾਹਿਬਾਨਾਂ ਦੇ ਹੁਕਮ ਅਨੁਸਾਰ, ਜੀਵਨ ਜੀਣ ਨੂੰ ਕੋਈ ਨਵੀਂ ਸੇਧ ਦੇ ਸਕੀਏ। ਅੱਜ ਭਾਂਵੇ ਭਾਂਤ ਭਾਂਤ ਦੇ ਪ੍ਰਚਾਰ ਸਾਧਨ ਵਿਕਸਿਤ ਹੋਣ ਨਾਲ ਕਿਸੇ ਵਿਸ਼ੇ ਬਾਰੇ ਜਾਣਕਾਰੀ ਘਰ ਬੈਠੇ ਬਿਠਾਏ ਇਲੈਕਟ੍ਰਾਨਿਕ ਮੀਡੀਏ ਰਾਂਹੀ ਵੈਬ ਸਾਈਟ ਤੋਂ ਸਹਿਜੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ ਪਰਤੂੰ ਇਸ ਲਈ ਕਈ ਵਾਰ ਵਸੀਲੇ ਦੀ ਘਾਟ ਅਤੇ ਕਈ ਵਾਰ ਕੁਝ ਲੱਭਣ ਅਤੇ ਪ੍ਰਾਪਤ ਕਰਨ ਲਈ ਆਲਸਪਣ ਅੜਚਣ ਬਣਦੇ ਹਨ।

'ਤੂੰ ਸਮਰੱਥ ਵੱਡਾ' ਦਾ ਓਟ ਆਸਰਾ ਲੈ ਕੇ 'ਮੇਰੀ ਮਤਿ ਥੋਰੀ ਰਾਮ' ਹੁੰਦਿਆਂ ਵੀ ਇੱਕ ਉਪਰਾਲਾ -ਇੱਕ ਯਤਨ ਕਰਨ ਦਾ ਵਾਹਿਗੁਰੂ ਨੇ ਆਪ ਬਲ ਬਖਸ਼ਿਆ ਅਤੇ ਸਿੱਖੀ ਦੇ ਸੁਨਹਿਰੇ ਵਿਰਸੇ ਤੋਂ ਸਾਧ ਸੰਗਤ ਵਿਸ਼ੇਸ਼ ਕਰਕੇ ਬੱਚਿਆਂ ਨੂੰ ਜਾਣੂ ਕਰਾਉਣ ਲਈ ਪ੍ਰਸ਼ਨ ਉਤਰ ਦੇ ਰੂਪ ਵਿੱਚ ਤਿੰਨਾਂ ਸ਼ਤਾਬਦੀਆਂ ਨਾਲ ਸਬੰਧਤ ਗੁਰ ਇਤਿਹਾਸ ਕਿਤਾਬ ਰੂਪ ਵਿੱਚ ਸੰਗਤਾਂ ਸਾਹਮਣੇ ਲਿਆਉਣ ਦਾ **ਇਕ ਨਿਮਾਣਾ ਜਿਹਾ ਯਤਨ ਕੀਤ ਹੈ।**

ਸੰਗਤਾਂ ਨੂੰ ਬੇਨਤੀ ਹੈ ਕਿ 'ਹਮ ਅਪਰਾਧੀ ਸਦ ਭੂਲਤੇ ਤੁਮ ਬਖਸ਼ਣਹਾਰੇ' ਅਨੁਸਾਰ ਇਤਿਹਾਸਕ ਪੱਖੋਂ **ਪੰਥ** ਪ੍ਰਵਾਨਤ **ਹਵਾਲੇ ਦੇ ਕੇ** ਦੱਸਣ ਦਾ ਯਤਨ ਕੀਤਾ ਹੈ. ਫਿਰ ਵੀ ਰਹੀਆਂ ਕਮੀਆਂ ਤੋਂ ਦਾਸਾਂ ਨੂੰ ਜਾਣੂ ਕਰਾਉਣਾਂ ਜੀ ਅਤੇ ਅੱਗੇ ਤੋਂ ਭੁੱਲਾਂ ਦੇ ਸੁਧਾਰ ਲਈ ਵਾਹਿਗੁਰੂ ਅੱਗੇ ਅਰਦਾਸ ਕਰਨੀ ਜੀ।

ਧੰਨਵਾਦ ਸਹਿਤ,

**ਤਰਲੋਚਨ ਸਿੰਘ 'ਲੋਚ'**
ਮੁੱਖ ਸੇਵਾਦਾਰ
ਕੋਠੀ ਨੰ: 457, ਫੇਜ਼ 10,
ਸ.ਅ.ਸ.ਨਗਰ, ਮੋਹਾਲੀ

**ਬਲਵਿੰਦਰ ਸਿੰਘ**
ਜਨਰਲ ਸਕੱਤਰ,
ਕੋਠੀ ਨੰ: 932, ਫੇਜ਼ 10,
ਸ.ਅ.ਸ.ਨਗਰ, ਮੋਹਾਲੀ

# ਗੁਰੂ ਗ੍ਰੰਥ ਸਾਹਿਬ

*ਭਾਗ ਪਹਿਲਾ*

1. ਗੁਰੂ ਗ੍ਰੰਥ ਸਾਹਿਬ ਵਿੱਚ ਆਦੇਸ ਤੋਂ ਕੀ ਭਾਵ ਹੈ?
- ਪ੍ਰਣਾਮ
2. ਧਰਤੀ ਹੋਰੁ ਪਰੈ ਹੋਰੁ ਹੋਰੁ ......ਤੁਕ ਪੂਰੀ ਕਰੋ?
- ਤਿਸ ਤੇ ਭਾਰੁ ਤਲੈ ਕਵਣੁ ਜੋਰੁ।
3. ਸਿੱਖੀ ਦੇ ਤਿੰਨ ਪ੍ਰਮੁੱਖ ਸਿਧਾਂਤ ਕਿਹੜੇ ਹਨ?
- 1) ਨਾਮ ਜਪੋ 2) ਕਿਰਤ ਕਰੋ 3)ਵੰਡ ਛਕੋ।
4. ਜਪੁਜੀ ਸਾਹਿਬ ਵਿੱਚ ਅਸੰਖ ਦੀਆਂ ਕਿੰਨੀਆਂ ਪਉੜੀਆਂ ਹਨ?
- ਤਿੰਨ
5. ਜਪੁਜੀ ਸਾਹਿਬ ਵਿੱਚ ਕਿੰਨੇ ਖੰਡਾਂ ਦਾ ਜ਼ਿਕਰ ਆਉਂਦਾ ਹੈ?
- ਪੰਜ।
6. ਜਪੁਜੀ ਸਾਹਿਬ ਵਿੱਚ ਆਏ ਖੰਡਾਂ ਦੇ ਨਾਮ ਦੱਸੋ?
- ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸੱਚ ਖੰਡ।
7. ਜਪੁਜੀ ਸਾਹਿਬ ਗੁਰੂ ਗ੍ਰੰਥ ਸਾਹਿਬ ਵਿੱਚ ਕਿਹੜੇ ਪੰਨੇ ਤੋਂ ਕਿਹੜੇ ਪੰਨੇ ਤੱਕ ਦਰਜ ਹੈ?
- 1 ਤੋਂ 8 ਤੱਕ।
8. ਮੂਲ ਮੰਤਰ ਕਿਥੋਂ ਤੱਕ ਹੈ?
- ੧ਓ ਤੋਂ ਸ਼ੁਰੂ ਹੋ ਕੇ ਗੁਰਪ੍ਰਸਾਦਿ ਤੱਕ।
9. ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਗੁਰੂ ਸਾਹਿਬਾਨ ਦੀ ਬਾਣੀ ਹੈ?
- 6 ਗੁਰੂ ਸਾਹਿਬਾਨ ਦੀ।
10. ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਗੁਰੂ ਭਗਤਾਂ ਦੀ ਬਾਣੀ ਹੈ?
- 15 ਭਗਤਾਂ ਦੀ।
11. ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਭੱਟਾਂ ਦੀ ਬਾਣੀ ਹੈ?
- 11 ਭੱਟਾਂ ਦੀ।
12. ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਗੁਰਸਿੱਖਾਂ ਦੀ ਬਾਣੀ ਹੈ?
- 4 ਗੁਰੂ ਘਰ ਦੇ ਨਜ਼ਦੀਕੀ ਸੇਵਕਾਂ ਦੀ।
13. ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕਦੋਂ ਹੋਇਆ?
- ਭਾਦਰੋਂ ਸੁਦੀ 1.1661, (1 ਸੰਤਬਰ 1604) ਨੂੰ।
14. ਜਪੁਜੀ ਸਾਹਿਬ ਦਾ ਪ੍ਰਮੁੱਖ ਵਿਸ਼ਾ ਕੀ ਹੈ?
- ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥ 1(ਪੰਨਾ 1) (ਅਰਥਾਤ ਝੂਠ ਦੀ ਕੰਧ ਕਿਵੇਂ ਟੁਟੇ ਤੇ ਕਿਵੇਂ ਸਚਿਆਰ ਪੁਰਖ ਬਣੀਏ)
15. ਆਦਿ ਗ੍ਰੰਥ ਦਾ ਸੰਕਲਨ ਕਿਸ ਗੁਰੂ ਜੀ ਨੇ ਕੀਤਾ ਸੀ?
- ਗੁਰੂ ਅਰਜਨ ਦੇਵ ਜੀ ਨੇ।
16. ਗੁਰੂ ਗ੍ਰੰਥ ਸਾਹਿਬ ਵਿੱਚ ਇੱਕ ਸ਼ਬਦ ਆਉਂਦਾ ਹੈ ਜੋ ਕੇਵਲ ਇੱਕ ਤੁਕ ਦਾ ਹੀ ਹੈ। ਉਹ ਕਿਹੜਾ ਸ਼ਬਦ ਹੈ, ਗੁਰੂ ਗ੍ਰੰਥ ਸਾਹਿਬ ਦੇ ਕਿਹੜੇ ਪੰਨੇ ਉਪਰ ਦਰਜ ਹੈ ਅਤੇ ਕਿਸ ਦੀ ਰਚਨਾ ਹੈ?
- ਛਾਡਿ ਮਨ ਹਰਿ ਬਿਮੁਖਨ ਕੋ ਸੰਗੁ।ਇਹ ਸਾਰੰਗ ਰਾਗ ਵਿੱਚ ਪੰਨਾ 1253 ਉਪਰ ਅੰਕਿਤ ਹੈ ਅਤੇ ਇਹ ਸ਼ਬਦ ਭਗਤ ਸੂਰਦਾਸ ਜੀ ਦੀ ਰਚਨਾ ਹੈ।
17. ਗੁਰੂ ਗ੍ਰੰਥ ਸਾਹਿਬ ਵਿੱਚ ਸਲੋਕ ਭਗਤ ਕਬੀਰ ਜੀਉ ਕੇ ਦੇ ਸਿਰਲੇਖ ਹੇਠ ਇੱਕ ਸਲੋਕ ਭਗਤ ਰਵਿਦਾਸ ਜੀ ਦਾ ਦਰਜ਼ ਹੈ, ਉਹ ਕਿਹੜਾ ਸਲੋਕ ਹੈ:-

- ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ। ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ। (ਸਲੋਕ ਨੰ: 242, ਪੰਨਾ 1377)

18. ਜਪੁਜੀ ਸਾਹਿਬ ਦੀ ਬਾਣੀ ਦੀਆਂ ਕਿੰਨੀਆਂ ਪਉੜੀਆਂ ਵਿੱਚ ਹੈ?

- ਮੰਗਲਾ ਚਰਨ, 38 ਪਾਉੜੀਆਂ ਅਤੇ ਸਲੋਕ।

ਜਪੁਜੀ ਸਾਹਿਬ ਵਿੱਚ ਕਿੰਨੇ ਸਲੋਕ ਹਨ?

- ਦੋ।

19. ਅਨੰਦ ਸਾਹਿਬ ਦੀ ਬਾਣੀ ਦੀਆਂ ਕਿੰਨੀਆਂ ਪਾਉੜੀਆਂ ਹਨ?

- ਚਾਲੀ।

20. ਕਿਹੜੀ ਬਾਣੀ ਰਾਤ ਨੂੰ ਸੌਣ ਸਮੇਂ ਪੜ੍ਹੀ ਜਾਂਦੀ ਹੈ?

- ਸੋਹਿਲਾ ਸਾਹਿਬ।

21. ਸਿਖ ਰਹਿਤ ਮਰਿਆਦਾ ਅਨੁਸਾਰ ਮ੍ਰਿਤਕ ਦੇ ਸੰਸਕਾਰ ਸਮੇਂ ਕਿਹੜੀ ਬਾਣੀ ਪੜ੍ਹੀ ਜਾਂਦੀ ਹੈ?

- ਸੋਹਿਲਾ ਸਾਹਿਬ(ਪਰ ਆਮ ਕਰਕੇ ਕੀਰਤਨ ਸੋਹਿਲਾ ਪ੍ਰਚੱਲਤ ਹੈ)।

22. ਸਿੱਖਾਂ ਦੇ ਮੌਜੂਦਾ ਗੁਰੂ ਦਾ ਨਾਮ ਦੱਸੋ?

- ਗੁਰੂ ਗ੍ਰੰਥ ਸਾਹਿਬ ਜੀ।

23. ਬਸੰਤ ਕੀ ਵਾਰ ਕਿਸ ਮੌਸਮ ਵਿੱਚ ਅਕਸਰ ਗਾਈ ਜਾਂਦੀ ਹੈ?

- ਬਸੰਤ ਰੁੱਤ ਦੇ ਮੌਸਮ ਵਿੱਚ।

24. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਹੁਕਮਨਾਮਾ ਕਿਸ ਨੇ ਲਿਆ ਸੀ?

- ਬਾਬਾ ਬੁੱਢਾ ਜੀ ਨੇ।

25. ਪਹਿਲਾ ਹੁਕਮਨਾਮਾ ਕਿਹੜਾ ਸੀ?

- ਸੰਤਾਂ ਕੇ ਕਾਰਜ ਆਪੁ ਖਲੋਆ ਹਰਿ ਕੰਮਿ ਕਰਾਵਣੁ ਆਇਆ ਰਾਮ।

26. ਗੁਰੂ ਗ੍ਰੰਥ ਸਾਹਿਬ ਜੀ ਵਿੱਚ ਮੌਜੂਦ ਭਗਤਾਂ ਦੀਆਂ ਬਾਣੀਆਂ ਵਿੱਚ ਸਭ ਤੋਂ ਪਹਿਲਾਂ ਕਿਸ਼ ਭਗਤ ਦੀ ਬਾਣੀ ਆਉਂਦੀ ਹੈ?

- ਭਗਤ ਕਬੀਰ ਜੀ ਦੀ।

27. ਸਿੱਖਾਂ ਵਿੱਚ ਪ੍ਰਚੱਲਤ ਰਿਵਾਇਤ ਅਨੁਸਾਰ ਮ੍ਰਿਤਕ ਦਾ ਸੰਸਕਾਰ ਕਰਨ ਉਪਰੰਤ ਗੁਰਦੁਆਰਾ ਸਾਹਿਬ ਵਿਖੇ ਪਹੁੰਚਣ ਤੇ ਕਿਹੜੀ ਬਾਣੀ ਪੜ੍ਹੀ ਜਾਂਦੀ ਹੈ?

- ਅਲਾਹਣੀਆਂ। (ਪੰਨਾ 578)

28. ਗੁਰੂ ਗ੍ਰੰਥ ਸਾਹਿਬ ਜੀ ਤੋਂ ਸਿਖ ਰਹਿਤ ਮਰਿਆਦਾ ਅਨੁਸਾਰ ਹੁਕਮ ਨਾਮਾ ਕਿਸ ਤਰ੍ਹਾਂ ਲਿਆ ਜਾਂਦਾ ਹੈ?

- ਹੁਕਮ ਲੈਣ ਲੱਗਿਆਂ ਖੱਬੇ ਪੰਨੇ ਦੇ ਉਪਰਲੇ ਪਾਸਿਓਂ ਪਹਿਲਾ ਸ਼ਬਦ ਜੋ ਜਾਰੀ ਹੈ, ਮੁੱਢ ਤੋਂ ਪੜ੍ਹਿਆ ਜਾਂਦਾ ਹੈ। ਜੇ ਉਸ ਸ਼ਬਦ ਦਾ ਮੁੱਢ ਪਿਛਲੇ ਪੰਨੇ ਤੋਂ ਸ਼ੁਰੂ ਹੁੰਦਾ ਹੈ, ਤਾਂ ਪੱਤਰਾ ਪਰਤ ਕੇ ਪੜ੍ਹਦੇ ਹਾਂ ਜੀ। ਸ਼ਬਦ ਸਾਰਾ ਪੜ੍ਹਦੇ ਹਾਂ। ਜੇ ਵਾਰ ਹੋਵੇ ਤਾਂ ਪਉੜੀ ਦੇ ਸਾਰੇ ਸਲੋਕ ਅਤੇ ਪਉੜੀ ਪੜ੍ਹੀਦੀ ਹੈ।

29. ਗੁਰੂ ਗ੍ਰੰਥ ਸਾਹਿਬ ਜੀ ਵਿੱਚ ਉਹ ਕਿਹੜੀ ਵਾਰ ਹੈ ਜੋ ਹਰ ਰੋਜ਼ ਗੁਰਦੁਆਰਿਆਂ ਦੇ ਅੰਦਰ ਗਾਈ ਜਾਂਦੀ ਹੈ?

- ਆਸਾ ਕੀ ਵਾਰ।

30. ਆਸਾ ਕੀ ਵਾਰ ਵਿੱਚ ਕਿੰਨੀਆਂ ਪਉੜੀਆਂ ਹਨ?

- 24 ਪਉੜੀਆਂ।

31. ਆਸਾ ਕੀ ਵਾਰ ਕਿਸ ਧੁਨੀ ਉਪਰ ਗਾਉਣ ਦੀ ਹਦਾਇਤ ਕੀਤੀ ਹੈ?

- ਟੁੰਡੇ ਅਸ ਰਾਜੇ ਕੀ ਧੁਨੀ।

32. ਗੁਰਬਾਣੀ ਅਨੁਸਾਰ ਦੁਖ ਕਦੋਂ ਹੁੰਦਾ ਹੈ?

- ਜਦ ਪ੍ਰਮਾਤਮਾ ਦਾ ਨਾਮ ਵਿਸਰ ਜਾਏ। "ਦੁਖੁ ਤਦੇ ਜਾ ਵਿਸਰਿ ਜਾਵੈ" (ਪੰਨਾ 98)

33. ਗੁਰਬਾਣੀ ਅਨੁਸਾਰ ਜਿਸ ਅੰਮ੍ਰਿਤ ਨੂੰ ਦੇਵਤੇ ਤੇ ਮੁਨੀ ਆਦਿਕ ਲੱਭਦੇ ਰਹੇ, ਉਹ ਅੰਮ੍ਰਿਤ ਗੁਰੂ ਅਮਰ ਦਾਸ ਜੀ ਨੇ ਕਿਥੋਂ ਪਾਇਆ ਸੀ?

- ਗੁਰੂ ਕੋਲੋਂ। "ਸੁਰਿ ਨਰ ਮੁਨਿ ਜਨ ਅੰਮ੍ਰਿਤ ਖੋਜਦੇ ਸੁ ਅੰਮ੍ਰਿਤ ਗੁਰ ਤੇ ਪਾਇਆ।।" (ਪੰਨਾ 918)

34. ਗੁਰਬਾਣੀ ਅਨੁਸਾਰ ਜੋ ਮਨੁੱਖ ਅਕਾਲ ਪੁਰਖ ਦਾ ਨਾਮ ਜਪਦੇ ਹਨ, ਕੀ ਉਨ੍ਹਾਂ ਦੇ ਪਿੱਤਰਾਂ ਦਾ ਉਧਾਰ ਹੋ ਜਾਂਦਾ ਹੈ?

- ਹਾਂ ਜੀ। "ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ, ਪਿਤਰੀ ਹੋਇ ਉਧਾਰੋ।।ਸੋ ਹਰਿ ਹਰਿ ਤੁਮ ਸਦ ਹੀ ਜਾਪਹੁ ਜਾ ਕਾ ਅੰਤੁ ਨ ਪਾਰੋ।।" ( ਪੰਨਾ 496)

35. ਗੁਰਬਾਣੀ ਅਨੁਸਾਰ ਅਸਲ ਸੂਰਮਾ ਕੌਣ ਹੈ?

- "ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ।।" (ਪੰਨਾ 679) ਹੇ ਭਾਈ! ਇਸ ਜਗਤ ਵਿੱਚ ਉਹ ਮਨੁੱਖ ਸੂਰਮਾ ਆਖਿਆ ਜਾਂਦਾ ਹੈ ਜਿਸਦੇ ਹਿਰਦੇ ਵਿੱਚ ਪ੍ਰਭੂ ਦਾ ਪਿਆਰ ਪੈਦਾ ਹੋ ਜਾਂਦਾ ਹੈ।

36. ਗੁਰਬਾਣੀ ਅਨੁਸਾਰ ਕੌਣ ਬੁੱਢੇ ਨਹੀਂ ਹੁੰਦੇ?

- ਗੁਰਮੁਖ, ਜਿੰਨ੍ਹਾਂ ਦੇ ਹਿਰਦੇ ਵਿੱਚ ਨਾਮ ਵਸ ਜਾਂਦਾ ਹੈ।

37. ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰਾਮਕਲੀ ਸਦ ਦੇ ਸਿਰਲੇਖ ਹੇਠ ਲਿਖੀ ਬਾਣੀ ਕਿਸ ਦੀ ਉਚਾਰਨ ਕੀਤੀ ਹੋਈ ਹੈ?

- ਭਾਈ ਸੁੰਦਰ ਜੀ ਦੀ।

38. ਭਾਈ ਸੁੰਦਰ ਜੀ ਕੌਣ ਸਨ?

- ਗੁਰੂ ਅਮਰ ਦਾਸ ਜੀ ਦੇ ਪੋਤਰੇ।

39. ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਭ ਤੋਂ ਪਹਿਲਾ ਕਿਹੜਾ ਰਾਗ ਦਰਜ ਹੈ?

- ਸਿਰੀ ਰਾਗ।

40. ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਸਾਰੇ ਰਾਗਾਂ ਵਿਚੋਂ ਕਿਸ ਰਾਗ ਨੂੰ ਪਹਿਲ ਦਿੱਤੀ ਗਈ ਹੈ?

- ਸਿਰੀ ਰਾਗ।(ਰਾਗਾਂ ਵਿੱਚ ਸਿਰੀ ਰਾਗ ਹੈ)

41. ਗੁਰੂ ਗ੍ਰੰਥ ਸਾਹਿਬ ਜੀ ਵਿੱਚ 22 ਵਾਰਾਂ ਆਈਆਂ ਹਨ। ਕੀ ਇਹ ਸਾਰੀਆਂ ਗੁਰੂ ਸਾਹਿਬਾਨ ਦੀਆਂ ਉਚਾਰਨ ਕੀਤੀਆਂ ਹੋਈਆਂ ਹਨ?

- ਨਹੀਂ ਜੀ।ਗੁਰੂ ਸਾਹਿਬਾਨ ਦੀਆਂ ਉਚਾਰਨ ਕੀਤੀਆਂ ਹੋਈਆਂ 21 ਵਾਰਾਂ ਹਨ?

42. ਫਿਰ 22ਵੀਂ ਵਾਰ ਕਿਸ ਦੀ ਉਚਾਰਨ ਕੀਤੀ ਹੋਈ ਹੈ?

- ਸੱਤੇ ਅਤੇ ਬਲਵੰਡ ਜੀ ਦੀ।

43. ਰਾਗ ਜੈਜਾਵੰਤੀ ਵਿੱਚ ਕਿਸ ਕਿਸ ਗੁਰੂ ਅਤੇ ਭਗਤ ਦੀ ਬਾਣੀ ਹੈ?

- ਸਿਰਫ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ।

44. ਗੁਰੂ ਗ੍ਰੰਥ ਸਾਹਿਬ ਜੀ (ਆਦਿ ਬੀੜ) ਦੀ ਸਾਰੀ ਬਾਣੀ ਦੀ ਲਿਖਾਈ ਭਾਈ ਗੁਰਦਾਸ ਜੀ ਨੇ ਕਿੰਨੇ ਸਮੇਂ ਵਿੱਚ ਕਰ ਲਈ ਸੀ?

- ਲੱਗਭੱਗ ਡੇਢ ਸਾਲ ਵਿੱਚ (ਪ੍ਰੋ. ਸਾਹਿਬ ਸਿੰਘ ਮੁਤਾਬਿਕ)

45. ਭਾਈ ਗੁਰਦਾਸ ਜੀ ਦੁਆਰਾ ਲਿਖੀ ਬੀੜ ਦੇ ਕਿੰਨੇ ਪੰਨੇ ਹਨ?

- 975 ਪੰਨੇ ।(ਮਹਾਨ ਕੋਸ਼ ਮੁਤਾਬ਼ਿਕ ਪੰਨਾ 436)

46. ਆਦਿ ਬੀੜ ਦੀ ਜਿਲਦ ਗੁਰੂ ਅਰਜਨ ਦੇਵ ਜੀ ਨੇ ਕਿਸ ਤੋਂ ਬੰਨ੍ਹਵਾਈ ਸੀ?

- ਭਾਈ ਬੰਨੋ ਜੀ ਪਾਸੋਂ।

47. ਕਿੰਨੇ ਭਗਤ ਹਨ, ਜਿਨ੍ਹਾਂ ਦਾ ਕੇਵਲ ਇੱਕ ਇੱਕ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਹੈ?

- ਪੰਜ ਭਗਤ।

48. ਜਿਹੜੇ ਭਗਤਾਂ ਦਾ ਕੇਵਲ ਇੱਕ-ਇੱਕ ਹੀ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ਼ ਹੈ, ਉਹਨਾਂ ਦੇ ਨਾਮ ਦੱਸੋ?

- ਭਗਤ ਸੈਨ ਜੀ, ਭਗਤ ਪੀਪਾ ਜੀ, ਭਗਤ ਸਦਨਾ ਜੀ, ਭਗਤ ਰਾਮਾਨੰਦ ਜੀ ਅਤੇ ਭਗਤ ਪਰਮਾਨੰਦ ਜੀ।

49. ਉਹ ਕਿਹੜੇ ਭਗਤ ਹਨ, ਜਿੰਨ੍ਹਾਂ ਦੇ ਕੇਵਲ ਦੋ-ਦੋ ਸ਼ਬਦ ਹੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ?

- ਭਗਤ ਜੈ ਦੇਵ ਜੀ, ਭਗਤ ਭੀਖਨ ਜੀ ਅਤੇ ਭਗਤ ਸੂਰਦਾਸ ਜੀ।

50. ਕਿਹੜੇ ਕਿਹੜੇ ਭਗਤਾਂ ਦੇ ਤਿੰਨ-ਤਿੰਨ ਸਬ਼ਦ ਹਨ?

- ਭਗਤ ਬੇਣੀ ਜੀ ਅਤੇ ਭਗਤ ਧੰਨਾ ਜੀ।

51. ਉਹ ਕਿਹੜੀਆਂ ਵਾਰਾਂ ਹਨ ਜਿੰਨ੍ਹਾਂ ਵਿੱਚ ਪਉੜੀਆਂ ਤੋਂ ਪਹਿਲਾਂ ਸਲੋਕ ਦਰਜ ਨਹੀਂ ਹਨ?

- ਬਸੰਤ ਕੀ ਵਾਰ, ਸੱਤੇ ਬਲਵੰਡ ਦੀ ਵਾਰ।

52. ਸਲੋਕ ਮਹੱਲਾ 9 ਦੇ ਸਿਰਲੇਖ ਹੇਠ ਬਾਣੀ ਵਿੱਚ ਕੁੱਲ ਕਿੰਨੇ ਸਲੋਕ ਹਨ?

- ਸਤਵੰਜਾ।

53 ਗੁਰੂ ਤੇਗ ਬਹਾਦਰ ਜੀ ਦੇ ਕਿਹੜੇ ਸਲੋਕ ਵਿੱਚ ਨਾਨਕ ਪਦ ਨਹੀਂ ਵਰਤਿਆ ਗਿਆ?

- ਸਤਵੰਜਵੇਂ ਸਲੋਕ ਵਿੱਚ।

54. ਭਗਤ ਸੈਣ ਜੀ ਦਾ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਸ਼ਬਦ ਦੱਸੋ?

- ਧੂਪ ਦੀਪ ਘ੍ਰਿਤ ਸਾਜਿ ਆਰਤੀ। ਵਾਰਨੇ ਜਾਉ ਕਮਲਾਪਤੀ।। (ਪੰਨਾ 695)

55. ਭਗਤ ਪੀਪਾ ਜੀ ਦਾ ਸ਼ਬਦ ਜੋ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਹੈ, ਦੱਸੋ?

- ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ।। (ਪੰਨਾ 695)

56. ਭਗਤ ਪੀਪਾ ਜੀ ਦਾ ਸ਼ਬਦ ਕਿਸ ਰਾਗ ਵਿੱਚ ਹੈ?

- ਧਨਾਸਰੀ ਰਾਗ ਵਿੱਚ।

57. ਭਗਤ ਪਰਮਾਨੰਦ ਜੀ ਦਾ ਉਚਾਰਣ ਕੀਤਾ ਹੋਇਆ ਕਿਹੜਾ ਸ਼ਬਦ ਹੈ, ਜੋ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ?

- ਤੈ ਨਰ ਕਿਆ ਪੁਰਾਨੁ ਸੁਨਿ ਕੀਨਾ।। ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ। ਰਹਾਉ।। (ਪੰਨਾ 1253)

58. ਭਗਤ ਪਰਮਾਨੰਦ ਜੀ ਦਾ ਸ਼ਬਦ ਕਿਸ ਰਾਗ ਵਿੱਚ ਦਰਜ ਹੈ?

- ਸਾਰੰਗ ਰਾਗ ਵਿੱਚ।

59. ਭਗਤ ਸਧਨਾ ਜੀ ਦਾ ਉਚਾਰਨ ਕੀਤਾ ਸ਼ਬਦ ਦੱਸੋ?

- ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ।
  ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ।।(ਪੰਨਾ 858)

60. ਭਗਤ ਰਾਮਾਨੰਦ ਜੀ ਦਾ ਕਿਹੜਾ ਸ਼ਬਦ ਗੁਰਬਾਣੀ ਅੰਦਰ ਦਰਜ ਹੈ?

- ਕਤ ਜਾਈਐ ਰੇ ਘਰ ਲਾਗੋ ਰੰਗੁ।
  ਮੇਰਾ ਚਿਤੁ ਨ ਚਲੈ ਮਨੁ ਭਇਉ ਪੰਗੁ।। ਰਹਾਉ।। (ਪੰਨਾ 1195)

61. ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸਭ ਤੋਂ ਘੱਟ ਬਾਣੀ ਕਿਸ ਗੁਰੂ ਜੀ ਦੀ ਉਚਾਰੀ ਹੋਈ ਹੈ?

- ਗੁਰੂ ਅੰਗਦ ਦੇਵ ਸਾਹਿਬ ਜੀ ਦੀ।

62. ਕਿਹੜੇ ਮੁਸਲਮਾਨ ਭਗਤ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ?

- ਬਾਬਾ ਫਰੀਦ ਜੀ ਦੀ।

63. ਸਹਿਜ ਪਾਠ ਕਿਸ ਨੂੰ ਕਹਿੰਦੇ ਹਨ?

- ਜਿਹੜਾ ਪਾਠ ਸਹਿਜੇ ਸਹਿਜੇ ਵਿਚਾਰ ਕੇ ਕੀਤਾ ਜਾਂਦਾ ਹੈ।

64. ਕੀ ਆਖੰਡ ਪਾਠ ਸਾਹਿਬ ਲਈ ਕੋਈ ਸਮਾਂ ਨਿਸਚਤ ਹੈ?

- ਪਾਠ ਪਿਆਰ ਅਤੇ ਸ਼ਰਧਾ ਨਾਲ਼ ਕਰਨਾ ਚਾਹੀਦਾ ਹੈ, ਇਹ ਲੱਗਂਭਗ 48 ਘਟੇ ਵਿੱਚ ਪੂਰਾ ਕੀਤਾ ਜਾਂਦਾ ਹੈ। ਪਾਠ ਲਗਾਤਾਰ ਬਿਨਾਂ ਰੋਕ ਦੇ ਕੀਤਾ ਜਾਂਦਾ ਹੈ।

65. ਸੰਸਾਰ ਵਿੱਚ ਸਭ ਤੋਂ ਜ਼ਿਆਦਾ ਸਤਿਕਾਰਿਆ ਜਾਣ ਵਾਲਾ ਕਿਹੜਾ ਗ੍ਰੰਥ ਹੈ?

- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

66. ਭਗਤ ਤ੍ਰਿਲੋਚਨ ਜੀ ਦੇ ਕਿੰਨੇ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ?

- ਚਾਰ ਸ਼ਬਦ।

67. ਗੁਰਬਾਣੀ ਅਨੁਸਾਰ ਤੀਰਥ ਕਿਸ ਨੂੰ ਕਿਹਾ ਜਾਂਦਾ ਹੈ?

- ਨਾਮ (ਪ੍ਰਮੇਸ਼ਰ ਦੇ ਨਾਮ ਨੂੰ) "ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ।।"

68. ਸੁਖਮਨੀ ਸਾਹਿਬ ਅੰਦਰ ਰਹਾਉ ਦੀ ਪੰਗਤੀ ਦੱਸੋ?

- ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ।
  ਭਗਤ ਜਨਾ ਕੈ ਮਨਿ ਬਿਸ੍ਰਾਮ।।ਰਹਾਉ।। (ਪੰਨਾ 262)

69. ਸੁਖਮਨੀ ਸਾਹਿਬ ਵਿੱਚ ਸਲੋਕ ਕਿੰਨੇ ਹਨ?

- 24 ਸਲੋਕ।

70. ਸੁਖਮਨੀ ਸਾਹਿਬ ਅੰਦਰ ਕਿੰਨੀਆਂ ਅਸਟਪਦੀਆਂ ਹਨ?

- 24 ਅਸਟਪਦੀਆਂ।

71. ਇੱਕ ਅਸਟਪਦੀ ਵਿੱਚ ਕਿੰਨੇ ਪਦੇ ਆਉਂਦੇ ਹਨ?

- ਅੱਠ।

72. ਕਿਹੜੇ ਰਾਗ ਵਿੱਚ ਸਭ ਤੋਂ ਵੱਧ ਬਾਣੀ ਉਚਾਰੀ ਗਈ ਹੈ?

- ਰਾਗ ਗਉੜੀ ਵਿੱਚ।

73. ਕਿਸ ਰਾਗ ਵਿੱਚ ਸਭ ਤੋਂ ਘੱਟ ਬਾਣੀ ਉਚਾਰੀ ਗਈ ਹੈ?

- ਰਾਗ ਜੈਜਾਵੰਤੀ ਵਿੱਚ।

74. ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਕਿਹੜਾ ਸਲੋਕ ਇੱਕ ਹੀ ਸਿਰਲੇਖ ਹੇਠ ਦੋ ਵਾਰੀ ਆਇਆ ਹੈ ਅਤੇ ਗੁਰੂ ਸਾਹਿਬ ਨੇ ਆਦਿ-ਅੰਤ ਪੜ੍ਹਨ ਦਾ ਹੁਕਮ ਕੀਤਾ ਹੈ?

- ਗੁਰਦੇਵ ਮਾਤਾ ਗੁਰਦੇਵ ਪਿਤਾ, ਗੁਰਦੇਵ ਸੁਆਮੀ ਪਰਮੇਸੁਰਾ। (ਪੰਨਾ 250 ਅਤੇ ਪੰਨਾ 262 ਤੇ)

75. ਗੁਰਬਾਣੀ ਅਨੁਸਾਰ ਕਿਹੜਾ ਸਿੱਖ, ਗੁਰੂ ਦਾ ਮਿੱਤਰ/ਰਿਸ਼ਤੇਦਾਰ ਹੈ?

- ਜੋ ਗੁਰੂ ਦਾ ਹਰ ਹੁਕਮ ਮੰਨਦਾ ਹੈ।

76. ਕਿਹੜੇ ਸਿੱਖ ਦੀ ਪੜ੍ਹੀ-ਸੁਣੀ ਬਾਣੀ ਥਾਇ ਪੈਂਦੀ ਹੈ:-

- ਜਿੰਨਾਂ ਨੇ ਗੁਰੂ ਦੀ ਆਗਿਆ ਸੱਚ (ਸਹੀ) ਕਰਕੇ ਮੰਨੀ ਹੈ ਭਾਵ ਜਿਹੜੇ ਗੁਰਬਾਣੀ ਅਨੁਸਾਰ ਜਿਉਣਾ ਸ਼ੁਰੂ ਕਰ ਦਿੰਦੇ ਹਨ।

77. ਆਸਾ ਕੀ ਵਾਰ ਵਿੱਚ "ਭੰਡਿ" ਸ਼ਬਦ ਦਾ ਕੀ ਅਰਥ ਹੈ?

- ਔਰਤ।

78. ਗੁਰਬਾਣੀ ਵਿੱਚ ਗੁਰੂ ਸਾਹਿਬ ਇਨਸਾਨ ਨੂੰ ਰੋਜਾਨਾ ਕੀ ਖੋਜਣ ਲਈ ਕਹਿੰਦੇ ਹਨ ?

ਆਪਣਾ ਦਿਲ ਹਰ ਵੇਲੇ ਖੋਜਣ ਦਾ ਹੁਕਮ ਹੈ (ਬੰਦੇ ਖੋਜੁ ਦਿਲ ਹਰਿ ਰੋਜ ਨਾ ਫਿਰੁ ਪਰੇਸਾਨੀ ਮਾਹਿ।। -ਪੰਨਾ 727)

79. ਆਸਾ ਕੀ ਵਾਰ ਵਿੱਚ ਬੱਚੇ ਅਤੇ ਬਜ਼ੁਰਗ ਨਾਲ ਪਿਆਰ ਪਾਉਣਾ ਕਿਸ ਤਰ੍ਹਾਂ ਹੈ ?

- ਜਿਵੇਂ ਪਾਣੀ ਵਿੱਚ ਲੀਕ ਮਾਰ ਦਿੱਤੀ ਜਾਵੇ "ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ।। ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ।। (ਆਸਾ ਕੀ ਵਾਰ - ਪੰਨਾ 474)

80. ਗੁਰਬਾਣੀ ਅਨੁਸਾਰ ਕਿਹੜੇ ਮਨੁੱਖ ਕਦੀ ਬੁੱਢੇ (ਆਤਮਕ ਜੀਵਨ ਵੱਲੋਂ ਕਮਜ਼ੋਰ) ਨਹੀਂ ਹੁੰਦੇ ?

- ਜਿਹੜੇ ਮਨੁੱਖ ਗੁਰੂ ਦੇ ਸਨਮੁਖ ਰਹਿੰਦੇ ਹਨ। (ਗੁਰਮੁਖਿ ਬੁੱਢੇ ਕਦੇ ਨਾਹੀ ਜਿਨਾ ਅੰਤਰਿ ਸੁਰਤਿ ਗਿਆਨ।। ਪੰਨਾ 1418)

81. ਗੁਰਬਾਣੀ ਅਨੁਸਾਰ ਜੋ ਪ੍ਰਮੇਸ਼ਰ ਦਾ ਪਿਆਰਾ ਹੁੰਦਾ ਹੈ, ਉਹ ਕਿਸ ਨੂੰ ਪਿਆਰਾ ਲਗਦਾ ਹੈ ?

- ਸਾਰਿਆਂ ਨੂੰ। (ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ ਹੋਰ ਕੇਤੀ ਝਖਿ ਝਖਿ ਆਵੈ ਜਾਵੈ।। - ਪੰਨਾ 555)

82. ਗੁਰਬਾਣੀ ਅਨੁਸਾਰ ਅੰਮ੍ਰਿਤ ਦੀ ਸਾਰ ਕੌਣ ਜਾਣਦਾ ਹੈ:-

- ਜਿਹੜਾ ਅੰਮ੍ਰਿਤ ਦਾ ਵਪਾਰੀ ਹੈ (ਅੰਮ੍ਰਿਤ ਕੀ ਸਾਰੁ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਉ।। -ਪੰਨਾ 993)

83. ਗੁਰਬਾਣੀ ਅਨੁਸਾਰ ਅੰਮ੍ਰਿਤ ਕੌਣ ਛਕਦੇ ਹਨ:-

- ਜਿੰਨ੍ਹਾ ਨੂੰ ਅੰਮ੍ਰਿਤ ਦੀ ਪਿਆਸ ਲੱਗੀ ਹੁੰਦੀ ਹੈ (ਜਿਨ ਕਉ ਲਗੀ ਪਿਆਸ ਅੰਮ੍ਰਿਤੁ ਸੇਇ ਖਾਹਿ।। -ਪੰਨਾ 962)

84. ਗੁਰਬਾਣੀ ਅਨੁਸਾਰ ਭਗਤ ਨਾਮ ਦੇਵ ਜੀ ਭਗਤ ਤ੍ਰਿਲੋਚਨ ਜੀ ਨੂੰ ਕੀ ਉਪਦੇਸ਼ ਦਿੰਦੇ ਹਨ?

- ਹੇ ਮਨੁਖ, ਮੁੱਖ ਤੋਂ ਪ੍ਰਮਾਤਮਾ ਦਾ ਨਾਮ ਜਪ ਅਤੇ ਹੱਥਾਂ ਪੈਰਾਂ ਨਾਲ ਆਪਣੀ ਦਸਾਂ ਨੌਹਾਂ ਦੀ ਕਿਰਤ ਕਰ।(ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮ ਸਮਾਲਿ।। ਹਾਥ ਪਾਉ ਕਰਿ ਕਾਮ ਸਭੁ ਚੀਤੁ ਨਿਰੰਜਨ ਨਾਲਿ।। - ਪੰਨਾ 1375)

85. ਜਦ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਤੋਂ ਪੁੱਛਿਆ ਸੀ ਕਿ ਤੇਰਾ ਗੁਰੂ ਕੌਣ ਹੈ, ਤਾਂ ਗੁਰੂ ਜੀ ਨੇ ਕੀ ਜੁਆਬ ਦਿੱਤਾ ਸੀ?

- ਸ਼ਬਦ ਗੁਰੂ। (ਪਵਨ ਅਰੰਭੁ ਸਤਿਗੁਰ ਮਤਿ ਵੇਲਾ।। ਸਬਦੁ ਗੁਰੂ ਸੁਰਤਿ ਧੁਨਿ ਚੇਲਾ।। - ਪੰਨਾ 943)

86. ਗੁਰਬਾਣੀ ਅਨੁਸਾਰ ਆਪਣਾ ਕੰਮ ਕਿਸ ਤੋਂ ਕਰਾਉਣਾ ਚਾਹੀਦਾ ਹੈ?

- ਆਪ ਕਰਨਾ ਚਾਹੀਦਾ ਹੈ (ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ।। - ਪੰਨਾ 474)

87. ਗੁਰੂ ਨਾਨਕ ਦੇਵ ਜੀ ਨੇ ਆਸਾ ਕੀ ਵਾਰ ਵਿੱਚ ਜਨੇਊ ਲਈ ਕਿਹੜੀ ਕਪਾਹ ਵਰਤਣ ਲਈ ਕਿਹਾ ਹੈ ?

- ਦਇਆ ਦੀ ਕਪਾਹ (ਦਇਆ ਕਪਾਹ ਸੰਤੁਖੁ ਸੂਤੁ ਜਤੁ ਗੰਢੀ ਸਤੁ ਵਟੁ।। ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ।। - ਪੰਨਾ 471)

88. ਜਪੁਜੀ ਅਨੁਸਾਰ ਧਰਤੀ ਕਿਸ ਬਲਦ (ਧਉਲ) ਦੇ ਆਸਰੇ ਖੜ੍ਹੀ ਹੈ:-

- ਦਇਆ, ਧਰਮ ਤੇ ਸੰਤੋਖ ਦੇ ਆਸਰੇ। (ਧੌਲੁ ਧਰਮੁ ਦਇਆ ਕਾ ਪੂਤੁ।। ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।। - ਪੰਨਾ 3)

89. ਗੁਰਬਾਣੀ ਅਨੁਸਾਰ ਬ੍ਰਹਮਗਿਆਨੀ ਦੀ ਗਤ ਕੌਣ ਜਾਣਦਾ ਹੈ:-

- ਬ੍ਰਹਮ ਗਿਆਨੀ। (ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ - ਗਉੜੀ ਸੁਖਮਨੀ ਮ. 5)

90 ਗੁਰੂ ਗ੍ਰੰਥ ਸਾਹਿਬ ਵਿੱਚ "ਸੱਤੇ ਬਲਬੰਡ" ਦੀ ਵਾਰ ਕਿਸ ਰਾਗ ਵਿੱਚ ਹੈ?

- "ਰਾਮਕਲੀ" ਰਾਗੁ ਵਿੱਚ।

91 ਜਿਹੜੇ ਸਲੋਕ ਵਾਰਾਂ ਵਿੱਚ ਦਰਜ ਕਰਨ ਤੋ ਬਚ ਗਏ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਕਿਸ ਸਿਰਲੇਖ ਹੇਠ ਲਿਖਿਆ ਗਿਆ?

- "ਸਲੋਕ ਵਾਰਾਂ ਤੇ ਵਧੀਕ" ਸਿਰਲੇਖ ਹੇਠ।॥

92 ਜਪੁ ਜੀ ਸਾਹਿਬ ਬਾਣੀ ਕਿਸ ਰਾਗ ਵਿੱਚ ਹੈ?

- ਰਾਗੁ ਰਹਿਤ। (ਕਿਸੇ ਨਿਰਧਾਰਿਤ ਰਾਗ ਵਿੱਚ ਨਹੀਂ ਹੈ)

93 ਤੁਖਾਰੀ ਰਾਗ ਵਿਚਲਾ ਬਾਰਹਮਾਹ ਕਿਸ ਗੁਰੂ ਦਾ ਉਚਾਰਨ ਕੀਤਾ ਹੈ।

- ਗੁਰੂ ਨਾਨਕ ਦੇਵ ਜੀ ਦਾ।

94 "ਦੱਖਣੀ ਓਅੰਕਾਰ" ਨਾਮ ਦੀ ਬਾਣੀ ਕਿਸ ਨੇ ਉਚਾਰੀ ਹੈ?

- ਗੁਰੂ ਨਾਨਕ ਦੇਵ ਜੀ ਨੇ।

95 "ਸਿੱਧ ਗੋਸਟਿ" ਨਾਮ ਦੀ ਬਾਣੀ ਕਿਸ ਗੁਰੂ ਸਾਹਿਬਾਨ ਨੇ ਉਚਾਰੀ?

- ਗੁਰੂ ਨਾਨਕ ਦੇਵ ਜੀ ਨੇ।

96 ਗੁਰੂ ਗ੍ਰੰਥ ਸਾਹਿਬ ਵਿੱਚ ਕਿੰਨੇ ਬਾਰਹ ਮਾਂਹ ਆਉਂਦੇ ਹਨ?

- ਦੋ।

97 ਕਿਹੜੇ ਕਿਹੜੇ ਬਾਰਹ ਮਾਂਹ ਗੁਰਬਾਣੀ ਵਿੱਚ ਦਰਜ਼ ਹਨ?

- 1) ਬਾਰਹਮਾਹ ਮਾਝ ਮਹਲਾ 5 ਅਤੇ 2) ਤੁਖਾਰੀ ਛੰਤ ਮਹਲਾ 1.

98 ਬਾਰਹਮਾਹ ਮਾਝ ਕਿਸ ਗੁਰੂ ਦੁਆਰਾ ਉਚਾਰਨ ਕੀਤਾ ਗਿਆ ਹੈ?

- ਗੁਰੂ ਅਰਜਨ ਦੇਵ ਜੀ ਦੁਆਰਾ।

99. ਅਗਰ ਅਕਾਲ ਪੁਰਖ ਦੀ ਦਰਗਾਹ ਵਿੱਚ ਬੈਠਣ ਲਈ ਜਗ੍ਹਾ ਬਣਾਉਣੀ ਹੋਵੇ ਤਾਂ ਮਨੁੱਖ ਨੂੰ ਕੀ ਕਰਨਾ ਚਾਹੀਦਾ ਹੈ?

- ਦੁਨੀਆਂ ਵਿੱਚ ਨਿਸ਼ਕਾਮ ਸੇਵਾ ਕਰਨੀ ਚਾਹੀਦੀ ਹੈ। (ਵਿਚਿ ਦੁਨੀਆ ਸੇਵ ਕਮਾਈਐ।। ਤਾਂ ਦਰਗਹ ਬੈਸਣੁ ਪਾਈਐ।।- ਪੰਨਾ 26)

100. ਮਨਮੁਖ ਕੌਣ ਹੈ?

\- ਜੋ ਆਪਣੀ ਮੱਤ ਅਨੁਸਾਰ ਚੱਲਦਾ ਹੈ।

101. ਤੁਕ ਪੂਰੀ ਕਰੋ:" ਜੋ ਗੁਰਮੁਖਿ ਨਾਮ ਧਿਆਇਦੇ ਤਿਨ ਦਰਸਨ ਦੀਜੈ---------?

\- ਹਮ ਤਿਨ ਕੇ ਚਰਣ ਪਖਾਲਦੇ, ਧੂੜਿ ਘੋਲਿ ਘੋਲਿ ਪੀਜੈ (ਪੰਨਾ 726)।

102. ਨਰਕ ਜੋ ਹਨ, ਉਹ ਕੌਣ ਭੋਗਦਾ ਹੈ?

\- ਮਨਮੁਖ। (ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ।। -ਪੰਨਾ 1073)

103. ਕੀ ਨਾਮ ਜਪਣਾ ਵੀ ਹੁਕਮ ਹੈ?

\- ਹਾਂ ਜੀ "ਏਕੋ ਨਾਮ ਹੁਕਮ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ। (ਪੰਨਾ 72)

104. ਗੁਰੂ ਅੰਗਦ ਦੇਵ ਜੀ ਅਨੁਸਾਰ ਅੰਧਾ ਕੌਣ ਹੈ?

\- ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ।। ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ।।(ਪੰਨਾ 954) ਭਾਵ ਜਿਹੜਾ ਮਨੁਖ ਪ੍ਰਮਾਤਮਾ ਦਾ ਹੁਕਮ ਨਹੀਂ ਮੰਨਦਾ।

105. ਇਨਸਾਨ ਦੁਖੀ ਕਦ ਹੁੰਦਾ ਹੈ?

\- ਜਦ ਹੁਕਮ ਨਹੀਂ ਮੰਨਦਾ "ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ (ਪੰਨਾ 400)

106. ਵਾਹਿਗੁਰੂ ਦੇ ਨਾਮ ਦੇ ਬਰਾਬਰ ਕੋਈ ਹੋਰ ਵਸਤੂ ਹੈ?

\- ਨਹੀਂ। "ਨਾਵੈ ਜੇਵਡੁ ਹੋਰੁ ਧਨੁ ਨਾਹੀ ਕੋਇ।"(ਪੰਨਾ 364)

107. ਗੁਰਬਾਣੀ ਵਿੱਚ ਰੋਣ ਬਾਰੇ ਕੀ ਉਪਦੇਸ਼ ਹੈ?

\- 1. "ਜਿੰਨੀ ਪਛਾਤਾ ਹੁਕਮ ਤਿਨ ਕਦੇ ਨਾ ਰੋਵਣਾ"। ਭਾਵ ਜਿੰਨਾਂ ਨੇ ਸੱਚ ਨੂੰ ਪਛਾਣ ਲਿਆ ਹੈ, ਉਹ ਕਦੇ ਨਹੀਂ ਰੋਂਦੇ। 2. "ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ" ਭਾਵ ਉਸ ਮੰਦਭਾਗੇ ਦੇ ਮਰਨ ਤੇ ਅਫ਼ਸੋਸ ਕਰੋ ਜੋ ਪ੍ਰਭੂ ਚਰਨਾਂ ਤੋਂ ਵਿਛੜਿਆ ਹੋਇਆ ਹੈ ਅਤੇ ਮਾਇਆ ਖਾਤਰ ਭਟਕਣ ਕਰਕੇ ਜੂਨਾਂ ਵਿੱਚ ਭਟਕਦਾ ਹੈ।

108. ਜਿੰਨ੍ਹਾ ਦੇ ਹਿਰਦੇ ਵਿੱਚ ਪ੍ਰਮਾਤਮਾ ਪ੍ਰਤੀ ਪਿਆਰ ਨਹੀਂ ਉਹਨਾਂ ਬਾਰੇ ਗੁਰੂ ਸਾਹਿਬ ਕੀ ਲਿਖਦੇ ਹਨ?

\- ਉਨ੍ਹਾਂ ਦਾ ਜੀਵਣਾ ਧ੍ਰਿਗਕਾਰ ਯੋਗ ਹੈ - "ਧ੍ਰਿਗੁ ਇਵੇਹਾ ਜੀਵਣਾ ਜਿਤੁ ਹਰਿ ਪ੍ਰੀਤਿ ਨ ਪਾਇ" (ਪੰਨਾ 490)

109. "ਵਿਣੁ ਨਾਵੈ ਨਾਹੀ ਕੋ ਥਾਉ" ਦਾ ਅਰਥ ਦੱਸੋ?

\- ਅਕਾਲ ਪੁਰਖ ਦੇ ਨਾਮ ਤੋਂ ਬਿਨਾਂ ਕੋਈ ਵੀ ਥਾਂ ਖਾਲੀ ਨਹੀਂ ਹੈ, ਭਾਵ ਪ੍ਰਮੇਸ਼ਰ ਹਰ ਜਗ੍ਹਾ ਵਸਦਾ ਹੈ।

110. ਹਉਮੈ ਅਤੇ ਨਾਮ ਦਾ ਆਪਸ ਵਿੱਚ ਕੀ ਸਬੰਧ ਹੈ?

\- ਦੋਨੋ ਇੱਕ ਦੂਜੇ ਦੇ ਵਿਰੋਧੀ ਹਨ। "ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇੱਕ ਠਾਇ।। "(ਪੰਨਾ 560)

111. ਕੀ ਦੋਨੋ ਇਕੱਠੇ ਇਸ ਸਰੀਰ ਵਿੱਚ ਰਹਿ ਸਕਦੇ ਹਨ?

\- ਨਹੀਂ।

112. ਕੀ ਹਉਮੈ ਵਿੱਚ ਸੇਵਾ ਹੋ ਸਕਦੀ ਹੈ?

\- ਨਹੀਂ। "ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ। (ਪੰਨਾ 560)

113. ਜੋ ਮਨੁੱਖ ਸੰਗਤ ਨਹੀਂ ਕਰਦਾ, ਗੁਰਬਾਣੀ ਵਿੱਚ ਉਸਦੀ ਤੁਲਨਾ ਕਿਸ ਨਾਲ ਕੀਤੀ ਹੈ?

- "ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ" (ਪੰਨਾ 427)ਭਾਵ ਸੰਗਤ ਤੋਂ ਵਿਰਲੇ (ਵਾਂਝੇ) ਮਨੁੱਖ ਅਜਿਹੇ ਹਨ ਜਿਵੇਂ ਗਵਾਰ ਪਸ਼ੂ ਹੋਵੇ।

114. ਗੁਰਬਾਣੀ ਅਨੁਸਾਰ ਮਨੁੱਖ ਨੂੰ ਕਿੰਨੀਆ ਜਾਤਾਂ ਵਿੱਚ ਵੰਡਿਆ ਹੈ?

- 1. "ਜਾਤਿ ਜਨਮ ਨਹ ਪੁਛੀਐ ਸਚ ਘਰੁ ਲੇਹੁ ਬਤਾਇ।।ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ।। " (ਪੰਨਾ 1330)

  2. "ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ" (ਪੰਨਾ 349)

  3."ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ। "

115. ਗੁਰਬਾਣੀ ਅਨੁਸਾਰ ਮਨ ਦੀ ਮੈਲ ਕਿਸ ਤਰ੍ਹਾਂ ਉਤਰਦੀ ਹੈ?

- ਅਕਾਲ ਪੁਰਖ ਦਾ ਸਿਮਰਨ ਕਰਨ ਨਾਲ ਭਾਵ ਗੁਣ ਗਾਉਣ ਨਾਲ। "ਗੁਨ ਗਾਵਤ ਤੇਰੀ ਉਤਰਸਿ ਮੈਲ।। " (ਪੰਨਾ 289)

116. ਗੁਰਬਾਣੀ ਅਨੁਸਾਰ ਸਭ ਤੋਂ ਵੱਡਾ ਰਾਜਾ ਕੌਣ ਹੈ?

- "ਜਿਸੁ ਨਾਮੁ ਰਿਦੈ ਸੋਈ ਵਡ ਰਾਜਾ।। " ਭਾਵ ਜਿਸਦੇ ਹਿਰਦੇ ਵਿੱਚ ਪ੍ਰਮਾਤਮਾ ਦਾ ਨਾਮ ਵਸਦਾ ਹੈ (ਪੰਨਾ 1155)

117. ਜਿਹੜੀ ਜੀਭ ਨਾਮ ਨਹੀਂ ਜਪਦੀ, ਗੁਰਬਾਣੀ ਅਨੁਸਾਰ ਉਸਦਾ ਕੀ ਹਾਲ ਹੁੰਦਾ ਹੈ?

- ਤਿਲ ਤਿਲ ਕਰਕੇ ਕੱਟੀ ਜਾਂਦੀ ਹੈ। "ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ।। " (ਪੰਨਾ 1362)

118. ਸੁਖਮਨੀ ਸਾਹਿਬ ਅਨੁਸਾਰ ਜੋ ਆਪਣੇ ਆਪ ਨੂੰ ਨੀਵਾਂ ਜਾਣਦਾ ਹੈ, ਉਹ ਅਸਲ ਵਿੱਚ ਕੌਣ ਹੁੰਦਾ ਹੈ?

- ਸਭ ਤੋਂ ਉੱਚਾ। "ਆਪਸ ਕਉ ਜੋ ਜਾਣੈ ਨੀਚਾ ਸੋਊ ਗਨੀਐ ਸਭ ਤੇ ਊਚਾ।। " (ਪੰਨਾ 266)

119. ਗੁਰਬਾਣੀ ਅਨੁਸਾਰ ਇੱਕ ਵੀ ਫਿੱਕਾ ਬੋਲ ਨਹੀਂ ਬੋਲਣਾ, ਕਿਉਂ?

- ਕਿਉਂਕਿ ਸਾਰਿਆਂ ਵਿੱਚ ਵਾਹਿਗੁਰੂ ਦਾ ਵਾਸਾ ਹੈ। "ਇਕੁ ਫਿੱਕਾ ਨ ਗਾਲਾਇ ਸਭਨਾ ਮੈ ਸਚਾ ਧਣੀ।। " (ਪੰਨਾ 1384)

120. "ਇਕ ਘੜੀ ਨ ਮਿਲਤੇ ਤ ਕਲਿਜੁਗੁ ਹੋਤਾ, ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ"। ਇਹ ਸ਼ਬਦ ਕਿਸ ਗੁਰੂ ਦਾ ਉਚਾਰਣ ਕੀਤਾ ਹੈ?

- ਮਾਝ ਰਾਗ ਵਿੱਚ ਗੁਰੂ ਅਰਜਨ ਦੇਵ ਜੀ ਦਾ ।।

121. ਪ੍ਰੇਮ ਦੀ ਸਾਰ ਕੌਣ ਜਾਣਦਾ ਹੈ?

- ਜਿਸ ਉਪਰ ਵਾਹਿਗੁਰੂ ਦੀ ਨਦਰਿ ਹੋਵੇ।

## ਭਾਗ ਦੂਜਾ

੧ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਕਿਨਿਆਂ ਰਾਗਾਂ ਵਿਚ ਉਚਾਰੀ ਗਈ ਹੈ?

31 ਰਾਗਾਂ ਵਿਚ।

੨ ਸਭ ਤੋਂ ਪਹਿਲੀ ਰਾਗ ਮੁਕਤ ਬਾਣੀ ਕਿਹੜੀ ਹੈ?

ਜਪੁ ਜੀ ਸਾਹਿਬ।

੩ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਿਹੜੇ ਅਸਥਾਨ ਤੇ ਹੋਈ ਸੀ?

ਰਾਮਸਰ ਸਰੋਵਰ ਦੇ ਕੰਢੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ।

੪ ਗੁਰਬਾਣੀ ਰਚਣ ਦੀ ਰੀਤ ਕਿਹੜੇ ਗੁਰੂ ਸਾਹਿਬ ਨੇ ਚਲਾਈ ਸੀ?

ਗੁਰੂ ਨਾਨਕ ਦੇਵ ਜੀ ਨੇ।

੫ ਗੁਰੂ ਨਾਨਕ ਦੇਵ ਜੀ ਨੇ ਕਿੰਨੇ ਰਾਗਾਂ ਵਿਚ ਬਾਣੀ ਉਚਾਰੀ?

19 ਰਾਗਾਂ ਵਿਚ।

੬ ਗੁਰੂ ਅਮਰਦਾਸ ਜੀ ਨੇ ਕਿੰਨੇ ਰਾਗਾਂ ਵਿਚ ਬਾਣੀ ਉਚਾਰੀ ?

17 ਰਾਗਾਂ ਵਿਚ।

੭ ਗੁਰੂ ਅਰਜਨ ਦੇਵ ਜੀ ਤੇ ਗੁਰੂ ਰਾਮਦਾਸ ਜੀ ਨੇ ਕਿੰਨੇ ਰਾਗਾਂ ਵਿਚ ਬਾਣੀ ਉਚਾਰੀ ?

30 ਰਾਗਾਂ ਵਿਚ ।

੮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿੰਨੀਆਂ ਧੁਨੀਆਂ ਹਨ

ਕੁਲ ਨੌਂ। ਵਾਰ ਮਾਝ ਕੀ ਤਥਾ ਸਲੋਕ ਮਹਲਾ ੧ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ, ਗਉੜੀ ਕੀ ਵਾਰ ਮਹਲਾ ੫ ਰਾਇ ਕਮਾਲ ਦੀ ਮੋਜਦੀ ਕੀ ਵਾਰ ਕੀ ਧੁਨਿ, ਰਾਗ ਆਸਾ ਮਹਲਾ ੧ ਟੁੰਡੇ ਅਸਰਾਜੈ ਕੀ ਧੁਨੀ, ਗੂਜਰੀ ਕੀ ਵਾਰ ਮਹਲਾ ੩ ਸਿਕੰਦਰ ਇਬਰਾਹੀਮ ਕੀ ਵਾਰ ਕੀ ਧੁਨੀ, ਵਡਹੰਸ ਕੀ ਵਾਰ ਮਹਲਾ ੪ ਲਲਾਂ ਬਹਲੀਮਾ ਕੀ ਧੁਨਿ, ਰਾਮਕਲੀ ਕੀ ਵਾਰ ਮਹਲਾ ੩ ਜੋਧੈ ਵੀਰੈ ਪੂਰਬਾਣੇ ਕੀ ਧੁਨਿ, ਸਾਰੰਗ ਕੀ ਵਾਰ ਮਹਲਾ ੪ ਰਾਇ ਮਹਮੇ ਹਸਨੇ ਕੀ ਧੁਨਿ, ਵਾਰ ਮਲਾਰ ਕੀ ਮਹਲਾ ੧ ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ, ਕਾਨੜੇ ਕੀ ਵਾਰ ਮਹਲਾ ੪ ਮੂਸੇ ਕੀ ਵਾਰ ਕੀ ਧੁਨੀ

੯ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿੰਨੀਆਂ ਵਾਰਾਂ ਹਨ?

22 ਵਾਰਾਂ।

੧੦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਹਸਕ੍ਰਿਤੀ ਭਾਸ਼ਾ ਵਿਚ ਕਿਹੜੇ ਕਿਹੜੇ ਗੁਰੂ ਸਾਹਿਬਾਨ ਦੀ ਬਾਣੀ ਦਰਜ ਹੈ?

੧੧ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ।

੧੨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੈਜਾਵੰਤੀ ਰਾਗ ਦੀ ਬਾਣੀ ਕਿਹੜੇ ਗੁਰੂ ਸਾਹਿਬ ਨੇ ਉਚਾਰੀ ?

ਗੁਰੂ ਤੇਗਬਹਾਦਰ ਸਾਹਿਬ ਜੀ ਨੇ।

੧੩ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਲ ਕਿੰਨੇ ਪੰਨੇ ਹਨ?

1430

੧੪ ਅਲਾਹੁਣੀਆਂ ਕਿਹੜੇ ਰਾਗ ਵਿਚ ਹਨ?

ਵਡਹੰਸੁ ਰਾਗ ਵਿਚ ।

੧੫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਹੜੀ ਭਾਸ਼ਾ ਵਰਤੀ ਗਈ ਹੈ?

ਸਾਧ ਭਾਸ਼ਾ।

੧੬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਜੈਦੇਵ ਜੀ ਦਾ ਪਦਾ ਕਿਹੜੇ ਰਾਗ ਵਿਚ ਹੈ?

ਗੂਜਰੀ ਰਾਗ ਵਿਚ।

੧੭ ਪਟੀ ਬਾਣੀ ਕਿਸ ਰਾਗ ਵਿਚ ਕਿਸ ਕਿਸ ਗੁਰੂ ਸਾਹਿਬਾਨ ਨੇ ਉਚਾਰੀ?

ਗੁਰੂ ਨਾਨਕ ਦੇਵ ਜੀ ਤੇ ਗੁਰੂ ਅਮਰਦਾਸ ਜੀ ਨੇ ਆਸਾ ਰਾਗ ਵਿਚ।

੧੮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿੰਨੇ ਤਰ੍ਹਾਂ ਦੇ ਮੰਗਲ ਆਏ ਹਨ?

ਚਾਰ ਤਰ੍ਹਾਂ ਦੇ। ੧. ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥੨. ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥੩. ੴ ਸਤਿ ਨਾਮੁ ਗੁਰ ਪ੍ਰਸਾਦਿ॥ ੪. ੴ ਸਤਿ ਗੁਰ ਪ੍ਰਸਾਦਿ ॥

੧੯ ਸਾਰੇ ਗੁਰੂ ਸਾਹਿਬ ਨੇ ਬਾਣੀ ਰਚਣ ਵਾਸਤੇ ਕਿਸ ਉਪਨਾਮ ਦੀ ਵਰਤੋਂ ਕੀਤੀ?

'ਨਾਨਕ' ਨਾਮ ਦੀ ।

੨੦ ਸਾਰੇ ਗੁਰੂ ਸਾਹਿਬਾਨ ਦੀ ਬਾਣੀ ਇਕ ਦੂਜੇ ਤੋਂ ਕਿਸ ਤਰ੍ਹਾਂ ਵੱਖਰੀ ਹੁੰਦੀ ਹੈ

ਮਹਲੇ ਤੋਂ ( ਜਿਵੇਂ ਮਹਲਾ ੧, ਮਹਲਾ ੨)

੨੧ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ ਕਦੋਂ ਤੇ ਕਿੱਥੇ ਹੋਇਆ ਸੀ?

ਭਾਦਰੋਂ ਸੁਦੀ ਏਕਮ ਸੰ:੧੬੬੧ (1 ਸਤੰਬਰ 1604 ਈ:) ਸਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ।

੨੨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਗ੍ਰੰਥੀ ਕਿਸ ਨੂੰ ਥਾਪਿਆ ਗਿਆ ਸੀ

ਬਾਬਾ ਬੁੱਢਾ ਜੀ ਨੂੰ

੨੩ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਲਿਖਾਰੀ ਕੌਣ ਸੀ?

ਭਾਈ ਗੁਰਦਾਸ ਜੀ।

੨੪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੂਸਰੀ ਸੰਪਾਦਨਾ ਦੀ ਲੋੜ ਕਿਉਂ ਪਈ?

ਕਿਉਂਕਿ ਧੀਰਮਲ ਨੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਗੁਰੂ ਗੋਬਿੰਦ ਸਿੰਘ ਜੀ ਦੇ ਮੰਗਣ ਤੇ ਦੇਣ ਤੋਂ ਨਾਂਹ ਕਰ ਦਿੱਤੀ ਸੀ।

੨੫ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦੂਸਰਾ ਲਿਖਾਰੀ ਕੌਣ ਸੀ?

ਭਾਈ ਮਨੀ ਸਿੰਘ ਜੀ।

੨੬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੂਸਰੀ ਸੰਪਾਦਨਾ ਕਿਥੇ ਤੇ ਕਿਸ ਨੇ ਕੀਤੀ ਸੀ?

ਦਮਦਮਾ ਸਹਿਬ (ਸਾਬੋ ਕੀ ਤਲਵੰਡੀ )ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ

੨੭ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਕਿਸ ਨੇ ਦਰਜ ਕੀਤੀ ?

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ।

੨੮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਹੜੀ ਰਚਨਾ ਖੁਸ਼ੀ ਜਾਂ ਗਮੀ ਹਰ ਮੌਕੇ ਤੇ ਪੜ੍ਹੀ ਜਾਂਦੀ ਹੈ?

ਰਾਮਕਲੀ ਮਹਲਾ ੩ ਅਨੰਦੁ (ਪ੍ਰਚਲਤ ਨਾਮ ਅਨੰਦੁ ਸਾਹਿਬ) ।

੨੯ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਅੱਖਰ ਸਿਰਫ ਇਕੋ ਵਾਰੀ ਹੀ ਆਇਆ ਹੈ ਉਹ ਕਿਹੜਾ ਹੈ?

'ਫਤਿਹ' ਸ਼ਬਦ (ਫਾਹੇ ਕਾਟੇ ਮਿਟੇ ਗਵਨ **ਫਤਿਹ** ਭਈ ਮਨਿ ਜੀਤ) (ਪੰਨਾ ੨੫੮)

੩੦ ਕਿਹੜੇ ਚਾਰ ਸਮਕਾਲੀਨ ਭਗਤਾਂ/ਸੂਫੀ ਫਕੀਰਾਂ ਦੀ ਬਾਣੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਨਹੀ ਕੀਤੀ ਸੀ?

ਕਾਹਨਾ, ਛੱਜੂ, ਪੀਲੂ ਤੇ ਸ਼ਾਹ ਹੁਸੈਨ ਦੀ ਬਾਣੀ।

੩੧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਿਹੜੇ ਸ਼ਬਦ ਵਿਚ ਸਿਖ ਜੀਵਨ ਜਾਚ ਦਰਜ਼ ਹੈ?

ਮਃ ੪ ॥ ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ (ਪੰਨਾ ੩੦੫)

੩੨ ਗੁਰਬਾਣੀ ਨੂੰ ਗੁਰੂ ਪਦ ਸਭ ਤੋਂ ਪਹਿਲਾਂ ਕਿਸ ਨੇ ਦਿਤਾ ਸੀ?

ਗੁਰੂ ਨਾਨਕ ਦੇਵ ਜੀ ਨੇ

੩੩ ਗੁਰੂ ਗ੍ਰੰਥ ਸਾਹਿਬ ਜੀ ਦਾ ਸਭ ਤੋਂ ਪਹਿਲਾ ਹੁਕਮਨਾਮਾ ਕੀ ਆਇਆ ਸੀ

ਸੂਹੀ ਮਹਲਾ ੫।। ਸੰਤਾ ਕੇ ਕਾਰਜ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ।। (ਪੰਨਾ ੭੮੩)

੩੪ ਗੁਰੂ ਗ੍ਰੰਥ ਸਹਿਬ ਜੀ ਨੂੰ ਗੁਰਗੱਦੀ ਕਿਸ ਨੇ, ਕਿੱਥੇ ਤੇ ਕਦੋਂ ਦਿੱਤੀ?

ਗੁਰੂ ਗੋਬਿੰਦ ਸਿੰਘ ਜੀ ਨੇ, ਨਾਂਦੇੜ ਹਜ਼ੂਰ ਸਾਹਿਬ ਵਿਖੇ ੮ ਅਕਤੂਬਰ ਸੰਨ ੧੭੦੮ ਵਿਚ।

੩੫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਦੇਣ ਸਮੇ ਕਿਹੜਾ ਹੁਕਮਨਾਮਾ ਆਇਆ ਸੀ?

ਮਾਰੂ ਮਹਲਾ ੫।। ਖੁਲਿਆ ਕਰਮ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ ।। (ਪੰਨਾ ੧੦੦੦)

੩੬ ਗੁਰੂ ਗ੍ਰੰਥ ਸਾਹਿਬ ਵਿਚ ਸਭ ਤੋਂ ਛੋਟੀ ਵਾਰ ਕਿਹੜੀ ਹੈ?

ਬਸੰਤ ਕੀ ਵਾਰ ਮਹਲ ੫.

੩੭ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿੰਨੇ ਤਰ੍ਹਾਂ ਦੇ ਪਦਾਂ ਦੀ ਵਰਤੋਂ ਕੀਤੀ ਗਈ ਹੈ?

੮ ਤਰ੍ਹਾਂ ਦੇ। ਇਕ ਤੁਕੇ , ਦੁਪਦੇ, ਤਿਪਦੇ, ਚਉਪਦੇ, ਪੰਚਪਦੇ, ਛੇਪਦੇ, ਅਸ਼ਟਪਦੀਆਂ, ਅਤੇ ਸੋਲਹੇ।

੩੮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਹੜੀ ਤਰ੍ਹਾਂ ਦੇ ਛੰਦਾਂ ਦੀ ਵਰਤੋਂ ਕੀਤੀ ਗਈ ਹੈ?

ਦੋਹਿਰਾ, ਸੋਰਠਾ, ਸਵੈਯਾ, ਅੜਿਲ, ਕੁਡਲੀਆਂ, ਚੌਪਈ, ਦਵੈਯਾ, ਝੂਲਣਾ ਆਦਿ।

੩੯ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਵਿਤਾ ਦੇ ਕਿਸ ਤਰ੍ਹਾਂ ਦੇ ਤੋਲਾਂ ਦੀ ਵਰਤੋਂ ਹੋਈ ਹੈ?

ਪਟੀ, ਬਾਰਾਮਾਹ, ਸਤਵਾਰ, ਰੁੱਤੀ, ਬਾਵਨ ਅੱਖਰੀ, ਦਿਨਰੈਣਿ, ਬਿਰਹੜੇ, ਦੋਹਰੇ, ਵਣਜਾਰਾ, ਅਲਾਹੁਣੀਆਂ, ਸੱਦ, ਘੋੜੀਆਂ ਆਦਿਕ।

੪੦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਪ੍ਰਸਿੱਧ ਜੋਗੀਆਂ ਦੇ ਨਾਮ ਦਸੋ?
ਗੋਰਖ, ਮਛੰਦਰ, ਚਰਪਟ ਅਤੇ ਲੋਹਾਰੀਪਾ।

੪੧ ਜੋਗੀਆਂ ਤੇ ਸਿੱਧਾਂ ਨਾਲ ਹੋਈ ਵਾਰਤਾਲਾਪ ਕਿਸ ਸਿਰਲੇਖ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਹੈ?
ਸਿਧ ਗੋਸ਼ਟਿ ਵਿਚ।

੪੨ ਬਾਵਨ ਅੱਖਰੀ ਕਿਸ ਕਿਸ ਦੀ ਉਚਾਰੀ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿਸ ਰਾਗ ਅਧੀਨ ਦਰਜ ਹੈ?
\- ਗੁਰੂ ਅਰਜਨ ਦੇਵ ਜੀ ਤੇ ਭਗਤ ਕ਼ਬੀਰ ਜੀ ਦੀ ਗਉੜੀ ਰਾਗ ਵਿਚ।

੪੩ ਆਸਾ ਰਾਗ ਦੇ ਅਧੀਨ ਹੋਰ ਕਿਹੜਾ ਰਾਗ ਆਉਂਦਾ ਹੈ?
\- ਆਸਾਵਰੀ ਤੇ ਕਾਫੀ ਰਾਗ।

੪੪ ਬਾਬਾ ਫਰੀਦ ਜੀ ਦਾ ਸਮਕਾਲੀ ਭਗਤ ਕਿਹੜਾ ਸੀ ਜਿਸ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ?
\- ਭਗਤ ਜੈਦੇਵ ਜੀ।

੪੫ ਇੱਕ ਤੋਂ ਵਧੀਕ ਵਾਰਾਂ ਕਿਸ ਰਾਗ ਵਿਚ ਦਰਜ ਹਨ?
\- ਰਾਗ ਰਾਮਕਲੀ, ਗਉੜੀ ਤੇ ਗੁਜਰੀ ਰਾਗ ਵਿਚ।

੪੬ ਰਾਗ ਰਾਮਕਲੀ ਵਿਚ ਕਿੰਨੀਆਂ ਵਾਰਾਂ ਦਰਜ ਹਨ?
\- ਤਿੰਨ ਵਾਰਾਂ।

੪੭ ਰਾਮਕਲੀ ਰਾਗ ਅਧੀਨ ਦਰਜ ਤਿੰਨ ਵਾਰਾਂ ਕਿਸ ਕਿਸ ਦੀਆਂ ਉਚਾਰੀਆਂ ਹੋਈਆਂ ਹਨ?
\- ਗੁਰੂ ਅਮਰਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਸੱਤੇ ਤੇ ਬਲਵੰਡ ਜੀ ਦੀਆਂ ।

੪੮ ਗੁਰਬਾਣੀ ਅਨੁਸਾਰ ਅਕਾਲ ਪੁਰਖ ਦਾ ਰਾਜ ਕਿਸ ਤਰ੍ਹਾਂ ਦਾ ਹੈ?
\- ਸਦਾ ਥਿਰ ਰਹਿਣ ਵਾਲਾ " ਨਿਹਚਲੁ ਰਾਜ ਹੈ ਸਦਾ ਤਿਸੁ ਕੇਰਾ ਨ ਆਵੈ ਨ ਜਾਈ "(ਪੰਨਾ ੫੯੨)

੪੯ ਗੁਰਬਾਣੀ ਅਨੁਸਾਰ ਨਿਮਖ ਵਿਚ ਖਲਾਸੀ ਕਰਵਾਉਣ ਲਈ ਮਨੁੱਖ ਨੂੰ ਕੀ ਕਰਨਾ ਪਵੇਗਾ?
\- ਉਪਾਵ ਛੋਡਿ ਗਹੁ ਤਿਹ ਕੀ ਓਟ।। ਨਿਮਖ ਮਹਿ ਹੋਵੈ ਤੇਰੀ ਛੋਟਿ।।(ਪੰਨਾ ੧੭੭) ਭਾਵ ਪ੍ਰਮਾਤਮਾਂ ਦੀ ਸਰਣ ਵਿਚ ਪੈ ਜਾਵੇ।

੫੦ ਕੀ ਪ੍ਰਮੇਸ਼ਰ ਦੀ ਕੋਈ ਖਾਸ ਜ਼ੁਬਾਨ ਹੈ?
\- ਹਾਂ ਜੀ- ਕੇਵਲ ਪਿਆਰ (ਭਾਖਿਆ ਭਾਉ ਅਪਾਰ)

੫੧ ਉਸ ਪ੍ਰਮਾਤਮਾਂ ਨੂੰ ਮਿਲਣ ਦੀ ਗੁਰਬਾਣੀ ਵਿਚ ਕੀ ਨਿਸ਼ਾਨੀ ਦੱਸੀ ਗਈ ਹੈ?
\- ਮਨ ਵਿਚ ਉਸ ਪਰਮੇਸ਼ਰ ਦਾ ਨਾਮ ਅਤੇ ਹੁਕਮ ਨੂੰ ਸੱਚ ਕਰਕੇ ਮੰਨਣਾ।(ਪ੍ਰਭ ਮਿਲਣੈ ਕੀ ਇਹ ਨਿਸਾਣੀ।। ਮਨਿ ਇਕੋ ਸਚਾ ਹੁਕਮ ਪਛਾਣੀ।। (ਪੰਨਾ ੧੦੬)

੫੨ ਪ੍ਰਮੇਸ਼ਰ ਨੂੰ ਭੁੱਲਣ ਨਾਲ ਕੀ ਹੁੰਦਾ ਹੈ?
\- ਸਾਰੇ ਰੋਗ ਆ ਵਿਆਪਦੇ ਹਨ।।ਪਰਮੇਸਰੁ ਤੇ ਭੁਲਿਆਂ ਵਿਆਪਨਿ ਸਭੇ ਰੋਗ ।।(ਪੰਨਾਂ ੧੩੫)

੫੩ ਵਾਹਿਗੁਰੂ ਸਾਡੇ ਕੋਲੋਂ ਕਿੰਨੀ ਕੁ ਦੂਰ ਹੈ?
\- ਬਹੁਤ ਨੇੜੇ ਹੈ ।੧. ਸੋ ਪ੍ਰਭ ਨੇਰੈ ਹੂੰ ਤੇ ਨੇਰੈ । ੨. ਦੂਰਿ ਨ, ਨੇਰੈ ਸਭ ਕੈ ਸੰਗਾ।। ਭਾਵ ਸਭਨਾਂ ਦੇ ਨਾਲ ਹੀ ਰਹਿੰਦਾ ਹੈ, ਦੂਰ ਨਹੀਂ । (ਪੰਨਾ ੨੩੬)

੫੪ ਉਹ ਕੌਣ ਹੈ ਜੋ ਸਾਰਿਆਂ ਦਾ ਸਾਂਝਾ ਬਾਪ ਹੈ?
\- ਪ੍ਰਮਾਤਮਾ (ਤੂੰ ਸਾਝਾਂ ਸਾਹਿਬੁ ਬਾਪ ਹਮਾਰਾ।। ਪੰਨਾ ੯੭)

੫੫ ਇਨਸਾਨ ਜਿਸ ਸੋਭਾ ਦੀ ਖਾਤਰ ਭਲੇ ਕੰਮ ਕਰਦਾ ਹੈ ਉਹ ਕਿਸਤਰ੍ਹਾਂ ਮਿਲਦੀ ਹੈ?
\- ਪ੍ਰਮਾਤਮਾ ਦੀ ਸ਼ਰਨ ਵਿਚ ਜਾਕੇ ਨਾਮ ਜਪਣ ਨਾਲ।।(ਜਿਸੁ ਸੋਭਾ ਕਉ ਕਰਹਿ ਭਲੀ ਕਰਨੀ।। ਸਾ ਸੋਭਾ ਭਜੁ ਹਰਿ ਕੀ ਸਰਨੀ।। ਪੰਨਾ ੨੮੮)

੫੬ ਰਾਗੁ ਵਡਹੰਸ ਵਿਚ ਕਿੰਨੀਆ ਵਾਰਾਂ ਹਨ?
\- ਕੇਵਲ ਇਕ ਵਾਰ ।

੫੭ ਬਸੰਤ ਕੀ ਵਾਰ ਦੀਆਂ ਕਿੰਨੀਆਂ ਪਉੜੀਆਂ ਹਨ?
\- ਤਿੰਨ ਪਉੜੀਆਂ।

੫੮ ਕਿਹੜੇ ਸ਼ਬਦ ਵਿਚ ਸਭ ਤੋਂ ਵੱਧ ਭਗਤਾਂ ਦਾ ਨਾਮ ਇਕੱਠਾ ਆਇਆ ਹੈ?
\- ਬਸੰਤ ਮਹਲਾ ੫ ਘਰੁ ੧ ਦੁਤੁਕੀਆ।। ੧ੴ ਸਤਿਗੁਰ ਪ੍ਰਸਾਦਿ।। ਸੁਣਿ ਸਾਖੀ ਮਨਿ ਜਪਿ ਪਿਆਰ।। ਅਜਾਮਲੁ ਉਧਰਿਆ ਕਹਿ ਏਕ ਬਾਰ।। (ਪੰਨਾ ੧੧੯੨)

੫੯ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਕਿਸ ਗੁਰਸਿਖ ਦੀ ਬਾਣੀ ਨੂੰ ਕਿਹਾ ਜਾਂਦਾ ਹੈ?

- ਭਾਈ ਗੁਰਦਾਸ ਜੀ ਦੀਆਂ ਵਾਰਾਂ ਨੂੰ।

੬੦ ਲਿਪੀ ਦੀਆਂ ਲਗਾਂ ਮਾਤ੍ਰਾਂ ਵਿਚ ਗੁਰੂ ਗ੍ਰੰਥ ਸਾਹਿਬ ਅੰਦਰ ਅੱਧਕ ਕਿੰਨੀ ਵਾਰੀ ਵਰਤਿਆ ਗਿਆ ਹੈ?

- ਬਿਲਕੁਲ ਨਹੀਂ ਵਰਤਿਆ ਗਿਆ।

੬੧ ਜਪੁ ਜੀ ਸਾਹਿਬ ਦੀ ਰਹਾਉ ਵਾਲੀ ਤੁਕ ਦਸੋ?

- ਕੋਈ ਨਹੀਂ ਜੀ।

੬੨ ਅਨੰਦ ਸਾਹਿਬ ਦੀ ਰਹਾਉ ਵਾਲੀ ਤੁਕ ਦਸੋ?

- ਕੋਈ ਨਹੀਂ ਜੀ।

੬੩ ਗੁਰਬਾਣੀ ਅਨੁਸਾਰ ਆਤਮਘਾਤੀ ਕੌਣ ਹੈ?

- ਜਿਹੜਾ ਨਾਮ ਨਹੀਂ ਜਪਦਾ। (ਨਾਮੁ ਨ ਜਪਹਿ ਤੇ ਆਤਮ ਘਾਤੀ ।। ਪੰਨਾ ੧੮੮)

੬੪ ਗੁਰਬਾਣੀ ਵਿਚ ਉਜਾੜ ਕਿਸ ਨੂੰ ਕਿਹਾ ਗਿਆ ਹੈ?

- ਜਿਥੈ ਨਾਮੁ ਨ ਜਪੀਐ ਮੇਰੇ ਗੋਇੰਦਾ ਸੇਈ ਨਗਰ ਉਜਾੜੀ ਜੀਉ ।। ਪੰਨਾ ੧੦੫ (ਜਿਸ ਨਗਰ ਰੂਪ ਸਰੀਰ ਵਿਚ ਪ੍ਰਮਾਤਮਾ ਦਾ ਨਾਮ ਨਹੀਂ ਜਪਿਆ ਜਾਂਦਾ ਉਹ ਉਜਾੜ ਦੀ ਤਰ੍ਹਾਂ ਹੈ)

੬੫ ਗੁਰਬਾਣੀ ਅਨੁਸਾਰ ਵਿਅਕਤੀ ਦੀ ਉਸਤਤ ਅਤੇ ਨਿੰਦਾ ਵਿਚੋਂ ਕਿਸਦਾ ਤਿਆਗ ਕੀਤਾ ਗਿਆ ਹੈ?

- ਦੋਨਾਂ ਦਾ ਹੀ ( ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ- ਪੰਨਾ ੨੧੯)

੬੬ ਸਿੱਖਾਂ ਦੇ ਅਨੰਦ ਕਾਰਜ ਸਮੇਂ ਕਿਸ ਬਾਣੀ ਦਾ ਜਾਪ ਕੀਤਾ ਜਾਂਦਾ ਹੈ?

- ਲਾਵਾਂ ਦਾ।

੬੭ ਲਾਵਾਂ ਕਿਸ ਰਾਗ ਵਿਚ ਦਰਜ਼ ਹਨ?

- ਰਾਗ ਸੂਹੀ ਵਿਚ ।

੬੮ ਲਾਵਾਂ ਕਿਸ ਗੁਰੂ ਸਾਹਿਬ ਦੀਆਂ ਉਚਾਰੀਆਂ ਹੋਈਆਂ ਹਨ?

- ਗੁਰੂ ਰਾਮਦਾਸ ਪਾਤਸ਼ਾਹ ਜੀ ਦੀਆਂ।

੬੯ ਲਾਵਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਕਿੰਨੇ ਪੰਨੇ ਉਤੇ ਦਰਜ ਹਨ?

- ਪੰਨਾ ੭੭੩ ਤੇ ਦਰਜ਼ ਹਨ।

੭੦ ਅਨੰਦ ਸਾਹਿਬ ਬਾਣੀ ਕਿਸ ਗੁਰੂ ਸਾਹਿਬ ਦੀ ਰਚਨਾ ਹੈ?

- ਗੁਰੂ ਅਮਰਦਾਸ ਜੀ ਦੀ।

੭੧ ਅਨੰਦ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਦੇ ਕਿੰਨੇ ਪੰਨੇ ਉਤੇ ਦਰਜ਼ ਹੈ ?

- ਪੰਨਾ ੯੧੭ ਉਤੇ ਦਰਜ਼ ਹੈ।

੭੨ ਕੀ ਗੁਰਮਤਿ ਅਨੁਸਾਰ ਅਨੰਦ ਕਾਰਜ ਦਾ ਕੋਈ ਸਮਾਂ ਨਿਸ਼ਚਿਤ ਹੈ?

- ਨਹੀਂ, ਕੋਈ ਸਮਾਂ ਨਿਸ਼ਚਿਤ ਨਹੀਂ ਹੈ।

੭੩ ਜਦ ਜਗੰਨਾਥ ਪੁਰੀ ਵਿਖੇ ਗੁਰੂ ਨਾਨਕ ਦੇਵ ਜੀ ਆਰਤੀ ਵਿਚ ਸ਼ਾਮਿਲ ਨਾ ਹੋਏ ਤਾਂ ਪੰਡਤਾਂ ਨੇ ਗੁਰੂ ਸਾਹਿਬ ਨੂੰ ਕੀ ਕਹਿ ਕੇ ਸੰਬੋਧਨ ਕੀਤਾ?

- ਨਾਸਤਿਕ।

੭੪ ਪੰਡਤਾਂ ਨੂੰ ਕੁਦਰਤ ਵਲੋਂ ਹੋ ਰਹੀ ਕਿਹੜੀ ਆਰਤੀ ਬਾਰੇ ਗੁਰੂ ਸਾਹਿਬ ਨੇ ਦੱਸਿਆ?

- ਗਗਨ ਮੈ ਥਾਲ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ਬਾਰੇ।। (ਪੰਨਾ ੬੬੩)

੭੫ ਜੋ ਵਿਅਕਤੀ ਆਪਣੀ ਘਰਵਾਲੀ ਦਾ ਤਿਆਗ ਕਰ ਕੇ ਪਰ ਨਾਰੀ ਨਾਲ ਵਿਭਚਾਰ ਕਰਦਾ ਹੈ, ਗੁਰਬਾਣੀ ਵਿਚ ਉਸ ਨੂੰ ਕੀ ਕਿਹਾ ਹੈ?

- ਅੰਧਾ ( ਘਰ ਕੀ ਨਾਰਿ ਤਿਆਗੈ ਅੰਧਾ।। ਪਰ ਨਾਰੀ ਸਿਉ ਘਾਲੈ ਧੰਧਾ।।- ਪੰਨਾ ੧੧੬੫)

੭੬ ਗੁਰਬਾਣੀ ਦੀ ਤੁਕ ਨਾਲ ਦਸੋ ਇਕਾਂਤੀ ਕੌਣ ਹੈ?

- ਸੋ ਇਕਾਂਤੀ ਜਿਸੁ ਰਿਦਾ ਥਾਇ (ਪੰਨਾ ੧੧੮੦) ਭਾਵ ਜਿਸਦਾ ਹਿਰਦਾ ਟਿਕਾਓ ਵਿਚ ਸਿਮਰਨ ਕਰਦਾ ਰਹਿੰਦਾ ਹੈ।

੭੭ ਗੁਰਬਾਣੀ ਅਨੁਸਾਰ ਸਤਸੰਗਤ ਕੈਸੀ ਹੋਣੀ ਚਾਹੀਦੀ ਹੈ?

- ਜਿਥੇ ਕੇਵਲ ਇਕ ਪ੍ਰਮਾਤਮਾ ਦੇ ਨਾਮ ਦੀ ਹੀ ਚਰਚਾ ਹੁੰਦੀ ਹੋਵੇ। (ਸਤਸੰਗਤਿ ਕੈਸੀ ਜਾਣੀਐ ਜਿਥੇ ਏਕੋ ਨਾਮੁ ਵਖਾਣੀਐ।।(ਪੰਨਾ ੭੨)

੭੮ 'ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ' ਵਿਚ ਬਿਨਾਹੁ ਤੋਂ ਕੀ ਭਾਵ ਹੈ?

- ਵਿਨਾਸ਼, ਹਾਨੀ ਜਾਂ ਤਬਾਹੀ।

੭੯ ਸਾਕਤ ਕੌਣ ਹੁੰਦਾ ਹੈ?

- ਜਿਹੜਾ ਗੁਰਮੁੱਖਾਂ ਤੋਂ ਉਲਟ ਚਲਦਾ ਹੋਵੇ।

੮੦ ਗੁਰਬਾਣੀ ਵਿਚ ਸਾਕਤ ਦੀ ਸੰਗਤ ਬਾਰੇ ਕੀ ਵਿਚਾਰ ਹਨ?

- ੧. ਸਾਕਤ ਸੰਗੁ ਨ ਕੀਜਈ ਜੇ ਕਾ ਪਾਰਿ ਵਸਾਇ।।੨. ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ।। (ਪੰਨਾ ੧੩੭੧)

੮੧ ਸਾਕਤ ਪੁਰਸ਼ ਅੰਮ੍ਰਿਤ ਅਤੇ ਬਿਖ ਨੂੰ ਕਿਸ ਤਰ੍ਹਾਂ ਪਛਾਣਦਾ ਹੈ?

- ਅੰਮ੍ਰਿਤ ਕਉਰਾ ਬਿਖਿਆ ਮੀਠੀ।। ਸਾਕਤ ਕੀ ਬਿਧਿ ਨੈਨਹੁ ਡੀਠੀ।। (ਪੰਨਾ ੮੯੨) ਉਹ ਅੰਮ੍ਰਿਤ ਨੂੰ ਕਉੜਾ ਮੰਨਦਾ ਹੈ ਪਰ ਵਿਸ਼ ਨੂੰ ਮਿਠਾ।

੮੨ ਕਬੀਰ ਸਾਹਿਬ ਸਾਕਤ ਤੇ ਸੂਕਰ ਵਿਚੋਂ ਕਿਸ ਨੂੰ ਚੰਗਾ ਗਿਣਦੇ ਹਨ?

- ਸੂਕਰ (ਸੂਰ ਨੂੰ) ਕਿਉਂਕਿ ਉਹ ਨਗਰ ਦਾ ਗੰਦ ਖਾ ਕੇ ਘਟੋ ਘਟ ਨਗਰ ਦੀ ਸਫਾਈ ਤਾਂ ਕਰਦਾ ਹੈ।'ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ।।'

੮੩ ਗੁਰਬਾਣੀ ਅਨੁਸਾਰ ਸਿਖ ਕੌਣ ਹੈ?

- ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ।। ਭਾਵ ਜਿਹੜਾ ਸਿੱਖ ਗੁਰੂ ਦਾ ਭਾਣਾ ਹਰ ਸਮੇਂ ਸਚ ਸਚ ਕਰਕੇ ਮੰਨਦਾ ਹੈ। (ਪੰਨਾ ੬੦੧)

੮੪ ਕਿਹੜਾ ਸਿੱਖ ਗੁਰੂ ਰੂਪ ਹੈ?

- ਜੋ ਸਿੱਖ ਗੁਰੂ ਉਪਦੇਸ਼ ਅਨੁਸਾਰ ਜੀਵਨ ਬਤੀਤ ਕਰਦਾ ਹੈ ਤੇ ਹੋਰਨਾਂ ਨੂੰ ਵੀ ਗੁਰ ਉਪਦੇਸ਼ ਦ੍ਰਿੜ ਕਰਾਉਂਦਾ ਹੈ।
'ਗੁਰੂ ਸਿਖੁ ਸਿਖ ਗੁਰੂ ਹੈ ਏਕੋ ਗੁਰ ਉਪਦੇਸ ਚਲਾਏ' (ਪੰਨਾ ੪੪੪)

੮੫ ਗੁਰੂ ਅੰਗਦ ਦੇਵ ਜੀ ਆਪਣੀ ਬਾਣੀ ਵਿਚ ਸਿਖ ਦੀ ਗੁਰੂ ਨਾਲ ਕੈਸੀ ਪ੍ਰੀਤ ਬਾਰੇ ਦਸਦੇ ਹਨ?

- ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ।। ਧ੍ਰਿਗੁ ਜੀਵਣੁ ਸੰਸਾਰਿ ਤਾਕੈ ਪਾਛੈ ਜੀਵਣਾ (ਪੰਨਾ ੮੩)

੮੬ ਸਿੱਖੀ ਕੀ ਹੈ?

- ਗੁਰੂ ਦੀ ਸਿਖਿਆ ਅਨੁਸਾਰ ਜੀਵਨ ਜੀਣਾ (ਸਿਖੀ ਸਿਖਿਆ ਗੁਰ ਵੀਚਾਰਿ।। (ਪੰਨਾ ੪੬੫)

੮੭ ਗੁਰਬਾਣੀ ਮੁਤਾਬਕ ਸਿਖ ਨੂੰ ਕੈਸਾ ਸਿੰਗਾਰ ਕਰਨਾ ਚਾਹੀਦਾ ਹੈ?

- ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ (ਪੰਨਾ ੮੧੨) (ਸਚੇ ਦਾ ਪਾਂਧੀ, ਸੰਤੋਖੀ ਜੀਵਨ, ਗਰੀਬਾਂ ਤੇ ਦਇਆ ਕਰਨ ਵਾਲਾ ਅਤੇ ਧਰਮ ਕਮਾਉਣ ਵਾਲਾ ਭਾਵ ਨਾਮ ਜਪਣ ਦਾ ਸਿੰਗਾਰ ਕਰਨਾ ਚਾਹੀਦਾ ਹੈ)

੮੮ ਸਾਰੀ ਦੁਨੀਆ ਅਨੰਦ ਅਨੰਦ ਕਹਿੰਦੀ ਹੈ ਪਰ ਅਸਲ ਅਨੰਦ ਦੀ ਪ੍ਰਾਪਤੀ ਕਿਸ ਕੋਲੋਂ ਹੁੰਦੀ ਹੈ?

- ਸੱਚੇ ਗੁਰੂ ਕੋਲੋਂ। (ਅਨੰਦ ਅਨੰਦ ਸਭ ਕੋ ਕਹੈ ਅਨੰਦ ਗੁਰੂ ਤੇ ਜਾਣਿਆ)

੮੯ ਗੁਰਬਾਣੀ ਅਨੁਸਾਰ ਸੁਖੀਆ ਕੌਣ ਹੈ?

- ਜਿਸ ਦਾ ਮਾਇਆ ਵਾਲਾ ਭਰਮ ਗੁਰੂ ਨੇ ਦੂਰ ਕਰ ਦਿੱਤਾ ਹੈ।

੯੦ ਗੁਰਬਾਣੀ ਅੰਦਰ ਅੰਨਾ ਬੋਲਾ ਕਿਸ ਨੂੰ ਕਿਹਾ ਗਿਆ ਹੈ?

- ਮਾਇਆ ਧਾਰੀ ਨੂੰ। (ਮਾਇਆ ਧਾਰੀ ਅਤਿ ਅੰਨ੍ਹਾ ਬੋਲਾ। ਸਬਦੁ ਨ ਸੁਣਈ ਬਹੁ ਰੋਲ ਘਚੋਲਾ-ਪੰਨਾ ੩੧੩)

੯੧ ਗੁਰਬਾਣੀ ਅਨੁਸਾਰ ਸੰਤ ਕੌਣ ਹੈ?

- ਜਿਨ੍ਹਾਂ ਨੂੰ ਸਾਸ ਗਿਰਾਸ ਉਸ ਪ੍ਰਭੂ ਦਾ ਨਾਮ ਨਹੀਂ ਵਿਸਰਦਾ (ਜਿਨ੍ਹਾਂ ਸਾਸ ਗਿਰਾਸੁ ਨ ਵਿਸਰੈ ਹਰ ਨਾਮਾ ਮਨਿ ਮੰਤੁ।।ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ।।-ਪੰਨਾ ੩੧੯)

੯੨ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਵਿਚ ਚਤੁਰ ਸਿਆਣਾ ਕਿਸ ਨੂੰ ਕਿਹਾ ਹੈ?

- ਜਿਸ ਨੇ ਅਭਿਮਾਨ ਛੱਡ ਦਿਤਾ ਹੈ ( ਚਤੁਰ ਸਿਆਣਾ ਸੁਘੜੁ ਸੋਇ ਜਿਨ ਤਜਿਆ ਅਭਿਮਾਨੁ )।

੯੩ ਇਸ ਸੰਸਾਰ ਅੰਦਰ ਉਹ ਕੋਣ ਹੈ ਜਿਸ ਨੂੰ ਕਦੇ ਕੁਝ ਨਹੀਂ ਭੁੱਲਦਾ

- ਕਰਤਾਰ ( ਵਾਹਿਗੁਰੂ ) (ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ।। (ਪੰਨਾ ੬੧)

੯੪ ਗੁਰਬਾਣੀ ਅਨੁਸਾਰ ਸੱਚਾ ਨਿਆਉ ਕੌਣ ਕਰਦਾ ਹੈ ?

• ਅਕਾਲ ਪੁਰਖ (ਸਚਾ ਨਿਆਉ ਸਚੋ ਵਾਪਾਰਾ ਨਿਹਚਲੁ ਵਾਸਾ ਪਾਇਦਾ।। (ਪੰਨਾ ੧੦੬੪)

੯੫ ਅਕਾਲ ਪੁਰਖ ਦਾ ਬਿਰਦ ਕੀ ਹੈ?

- ਜਿਹੜਾ ਉਸ ਪ੍ਰਮੇਸ਼ਰ ਦੀ ਸ਼ਰਨ ਵਿਚ ਆ ਜਾਵੇ ਉਸ ਨੂੰ ਕੰਠ ਨਾਲ ਲਾ ਲੈਂਦਾ ਹੈ (ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ।।) ਪੰਨਾ ੫੪੪

੯੬ ਜਿਸ ਨੂੰ ਪ੍ਰਮੇਸ਼ਰ ਹੱਥ ਦੇ ਕੇ ਰੱਖੇ, ਉਸ ਨੂੰ ਕੋਈ ਮਾਰ ਸਕਦਾ ਹੈ?

- ਨਹੀਂ। ਜਿਸ ਤੂੰ ਰਖਹਿ ਹਥ ਦੇ, ਤਿਸੁ ਮਾਰਿ ਨ ਸਕੈ ਕੋਇ। (ਪੰਨਾ 43)

੯੭. ਗੁਰਬਾਣੀ ਵਿੱਚ ਸਤੀਆਂ ਕਿਸ ਨੂੰ ਕਿਹਾ ਹੈ?

- ਭਾਵ ਜੋ ਵਾਹਿਗੁਰੂ ਦੇ ਵਿਯੋਗ ਵਿੱਚ ਹਨ।
(ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ।। (ਪੰਨਾ 787)

੯੮. ਗੁਰਬਾਣੀ ਅਨੁਸਾਰ ਦੁਹਾਗਣ ਦੀਆਂ ਕੀ ਨਿਸ਼ਾਨੀਆਂ ਹਨ?

- ਉਹ ਖਸਮ ਤੋਂ ਘੁਥੀਆਂ ਅਤੇ ਨਿਮਾਣੀਆਂ ਹੋ ਕੇ ਫਿਰਦੀਆਂ ਹਨ, ਉਹਨਾਂ ਦੇ ਵੇਸ ਵੀ ਮੈਲੇ ਹੁੰਦੇ ਹਨ ਅਤੇ ਦੁੱਖਾਂ ਵਿੱਚ ਰਾਤਾਂ ਗੁਜ਼ਾਰਦੀਆਂ ਹਨ।

(ਦੋਹਾਗਣੀ ਕਿਆ ਨੀਸਾਣੀਆ।। ਖਸਮਹੁ ਘੁਥੀਆ ਫਿਰਹਿ ਨਿਮਾਣੀਆ।। ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ।। (ਪੰਨਾ 72)

੯੯. ਗੁਰਬਾਣੀ ਅਨੁਸਾਰ ਅੰਮ੍ਰਿਤ ਕਿੰਨੇ ਹਨ?

- ਇੱਕ।

ਨਾਨਕ ਅੰਮ੍ਰਿਤ ਏਕ ਹੈ, ਦੂਜਾ ਅੰਮ੍ਰਿਤ ਨਾਹਿ। (ਪੰਨਾ 1238)

੧੦੦. ਜੋ ਸਿੱਖ ਆਪ ਨਾਮ ਜਪਦੇ ਹਨ ਅਤੇ ਦੂਸਰਿਆਂ ਨੂੰ ਨਾਮ ਨਾਲ ਜੋੜਦੇ ਹਨ, ਗੁਰੂ ਸਾਹਿਬ ਉਹਨਾਂ ਬਾਰੇ ਕੀ ਕਹਿੰਦੇ ਹਨ?

- ਐਸੇ ਗੁਰ ਸਿੱਖਾਂ ਦੀ ਗੁਰੂ ਸਾਹਿਬ ਧੂੜ ਮੰਗਦੇ ਹਨ।

ਜਨੁ ਨਾਨਕ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ।। (ਪੰਨਾ 306)

## ਗੁਰੂ ਅੰਗਦ ਦੇਵ ਜੀ

1. ਭਾਈ ਲਹਿਣਾ ਜੀ ਪਹਿਲਾਂ ਕਿਥੋਂ ਦੇ ਰਹਿਣ ਵਾਲੇ ਸਨ?

- ਮੱਤੇ ਦੀ ਸਰਾਂ ਦੇ।

2. ਗੁਰੂ ਅੰਗਦ ਦੇਵ ਜੀ ਦਾ ਜਨਮ ਕਿੱਥੇ ਹੋਇਆ ਸੀ?

- ਮੱਤੇ ਦੀ ਸਰਾਂ, ਜ਼ਿਲ੍ਹਾ ਮੁਕਤਸਰ (ਪੰਜਾਬ)।

3. ਗੁਰੂ ਅੰਗਦ ਦੇਵ ਜੀ ਦਾ ਜਨਮ ਕਦੋਂ ਹੋਇਆ?

- 31 ਮਾਰਚ, 1504 ਈਸਵੀ।(ਵੈਸਾਖ ਵਦੀ 1 ਸੰਮਤ 1561 ਐਤਵਾਰ (ਮਹਾਨ ਕੋਸ਼ ਪੰਨਾ 111)

4. ਗੁਰੂ ਅੰਗਦ ਦੇਵ ਜੀ ਦੇ ਪਿਤਾ ਦਾ ਕੀ ਨਾਮ ਸੀ?

- ਭਾਈ ਫੇਰੂ ਮੱਲ ਜੀ।

5. ਗੁਰੂ ਅੰਗਦ ਦੇਵ ਜੀ ਦੀ ਮਾਤਾ ਦਾ ਕੀ ਨਾਮ ਸੀ?

- ਮਾਤਾ ਦਇਆ ਕੌਰ ਜੀ।

6. ਗੁਰੂ ਅੰਗਦ ਦੇਵ ਜੀ ਦਾ ਗੁਰੂ ਬਣਨ ਤੋਂ ਪਹਿਲਾਂ ਕੀ ਨਾਮ ਸੀ?

- ਭਾਈ ਲਹਿਣਾ ਜੀ।

7. ਗੁਰੂ ਅੰਗਦ ਦੇਵ ਜੀ ਦਾ ਵਿਆਹ ਕਦੋਂ ਹੋਇਆ?

- 1519 ਈਸਵੀ ਵਿੱਚ।

8. ਗੁਰੂ ਅੰਗਦ ਦੇਵ ਜੀ ਦੀ ਸੁਪਤਨੀ ਦਾ ਕੀ ਨਾਮ ਸੀ?

- ਮਾਤਾ ਖੀਵੀ ਜੀ।

9. ਗੁਰੂ ਅੰਗਦ ਦੇਵ ਜੀ ਦੀ ਪਤਨੀ ਖੀਵੀ ਦਾ ਪੇਕਾ ਪਿੰਡ ਕਿਹੜਾ ਸੀ?

- ਪਿੰਡ ਸੰਘਰ ਨੇੜੇ ਖਡੂਰ ਸਾਹਿਬ।

10. ਗੁਰੂ ਅੰਗਦ ਦੇਵ ਜੀ ਦੇ ਸਹੁਰੇ ਦਾ ਕੀ ਨਾਮ ਸੀ?

– ਸ਼ਾਹੂਕਾਰ ਦੇਵੀ ਚੰਦ ਮਰਵਾਹਾ।

11. ਗੁਰੂ ਅੰਗਦ ਦੇਵ ਜੀ ਦੇ ਕਿੰਨੇ ਸਪੁੱਤਰ ਸਨ ਅਤੇ ਉਹਨਾਂ ਦੇ ਨਾਮ ਦੱਸੋ।

– ਦੋ ਸਪੁੱਤਰ, ਬਾਬਾ ਦਾਸੂ ਜੀ ਅਤੇ ਬਾਬਾ ਦਾਤੂ ਜੀ।

12. ਗੁਰੂ ਅੰਗਦ ਦੇਵ ਜੀ ਦੀਆਂ ਸਪੁੱਤਰੀਆਂ ਦੇ ਕੀ ਨਾਮ ਸਨ?

– ਬੀਬੀ ਅਮਰੋ ਜੀ ਅਤੇ ਬੀਬੀ ਅਨੋਖੀ ਜੀ।

13. ਗੁਰੂ ਅੰਗਦ ਦੇਵ ਜੀ ਦੇ ਮਨ ਵਿੱਚ ਗੁਰੂ ਨਾਨਕ ਦੇਵ ਜੀ ਨੂੰ ਮਿਲਣ ਦੀ ਖਿੱਚ ਕਿਵੇਂ ਪੈਦਾ ਹੋਈ?

– ਖਡੂਰ ਸਾਹਿਬ ਵਿਖੇ ਭਾਈ ਜੋਧ ਕੋਲੋਂ ਗੁਰਬਾਣੀ ਸੁਣਕੇ।

14. ਜਦੋਂ ਭਾਈ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਨੂੰ ਮਿਲਣ ਗਏ ਤਾਂ ਭਾਈ ਲਹਿਣੇ ਨੇ ਗੁਰੂ ਨਾਨਕ ਦੇਵ ਜੀ ਦਾ ਘਰ ਕਿਸ ਤੋਂ ਪੁੱਛਿਆ ਸੀ?

– ਇੱਕ ਸਿੱਖ ਸਾਦੇ, ਕਿਰਸਾਣੀ ਕੱਪੜੇ ਪਹਿਨੇ, ਪੈਦਲ ਜਾ ਰਹੇ ਬਜ਼ੁਰਗ ਵਿਅਕਤੀ ਪਾਸੋਂ, ਜੋ ਕਿ ਗੁਰੂ ਨਾਨਕ ਦੇਵ ਜੀ ਹੀ ਸਨ।

15. ਭਾਈ ਲਹਿਣਾ ਜੀ ਕਰਤਾਰਪੁਰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਕਦੋਂ ਆਏ ਸਨ?

– 1532 ਈਸਵੀ ਵਿੱਚ।

16. ਭਾਈ ਲਹਿਣਾ ਜੀ ਜਦੋਂ ਰਾਤ ਨੂੰ ਕਰਤਾਰ ਪੁਰ ਸੁੱਤੇ ਤਾਂ ਉਹਨਾਂ ਸੁਪਨੇ ਵਿੱਚ ਕੀ ਦੇਖਿਆ?

– ਭਾਈ ਲਹਿਣਾ ਜੀ ਨੇ ਸੁਪਨੇ ਵਿੱਚ ਦੇਖਿਆ ਕਿ ਜਿਸ ਦੇਵੀ ਦੇ ਦਰਸ਼ਨਾਂ ਲਈ ਉਹ ਜਾ ਰਹੇ ਹਨ, ਉਹ ਦੇਵੀ ਗੁਰੂ ਜੀ ਦੇ ਦਰਬਾਰ ਵਿੱਚ ਝਾੜੂ ਦੇ ਰਹੀ ਹੈ।

17. ਜਦੋਂ ਭਾਈ ਲਹਿਣਾ ਜੀ ਕਰਤਾਰਪੁਰ ਵਿਖੇ ਸੇਵਾ ਲਈ ਗਏ ਤਾਂ ਉਹ ਕੀ ਭੇਟਾ ਲੈ ਕੇ ਗਏ ਸਨ?

– ਇੱਕ ਲੂਣ ਦੀ ਖਿੱਟੀ ਅਤੇ ਇੱਕ ਚਟਾਈ।

18. ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਪਹਿਲਾ ਸਬਕ ਕੀ ਦਿੱਤਾ?

– ਮਨੁੱਖ ਨੂੰ ਕਿਰਤ ਕਰਨੀ ਚਾਹੀਦੀ ਹੈ, ਕਿਰਤ ਕੋਈ ਵੀ ਮਾੜੀ ਨਹੀਂ, ਨੀਂਵੀਂ ਨਹੀਂ।

19. ਜਦ ਭਾਈ ਲਹਿਣਾ ਜੀ ਕਰਤਾਰਪੁਰ ਵਿਖੇ ਸੇਵਾ ਕਰਨ ਲਈ ਆਏ ਤਾਂ ਹੱਟੀ ਦਾ ਕੰਮ ਕਿਸ ਨੂੰ ਸੌਂਪ ਕੇ ਆਏ ਸਨ?

– ਆਪਣੇ ਪੁੱਤਰ ਭਾਈ ਦਾਸੂ ਜੀ ਨੂੰ।

20. ਜਦੋ ਭਾਈ ਲਹਿਣਾ ਜੀ ਪਹਿਲੀ ਵਾਰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਆਏ ਤਾਂ ਗੁਰੂ ਨਾਨਕ ਦੇਵ ਜੀ ਨੇ ਉਹਨਾਂ ਪ੍ਰਤੀ ਕੀ ਸ਼ਬਦ ਵਰਤੇ ਸਨ?

– ਮੇਰੇ ਰਾਜ ਦਾ ਧਨੀ ਆਇਆ ਹੈ, ਲੈਂ ਆਵਾਂ।

21. ਗੁਰੂ ਨਾਨਕ ਦੇਵ ਜੀ ਨੂੰ ਮਿਲਣ ਤੋਂ ਪਹਿਲਾਂ ਭਾਈ ਲਹਿਣਾ ਜੀ ਕਿਸਦੇ ਪੁਜਾਰੀ ਸਨ?

– ਵੈਸ਼ਨੋ ਦੇਵੀ ਦੇ ਪੁਜਾਰੀ।

22 ਗੁਰੂ ਨਾਨਕ ਦੇਵ ਜੀ ਕੋਲ ਜਾ ਕੇ ਭਾਈ ਲਹਿਣਾ ਜੀ ਨੂੰ ਕੀ ਅਹਿਸਾਸ ਹੋਇਆ?

– ਮਨ ਦੀ ਸ਼ਾਂਤੀ, ਗੁਰੂ ਨਾਲ ਪਿਆਰ ਪਾਇਆਂ ਹੀ ਪ੍ਰਾਪਤ ਹੁੰਦੀ ਹੈ। ਗੁਰੂ ਸਰਬ ਕਲਾ ਸਮਰੱਥ ਹੈ।

23 ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਦੀਆਂ ਕਿਹੜੀਆਂ ਪ੍ਰੀਖਿਆਵਾਂ ਲਈਆਂ? ਕੋਈ ਦੋ ਦੱਸੋ?

- (1) ਗੰਦੇ ਪਾਣੀ ਨਾਲ ਚੋ ਰਹੀਆਂ ਪੰਡਾਂ ਚਕਵਾਉਣ ਦੀ ਪ੍ਰੀਖਿਆ (2) ਗੰਦੇ ਪਾਣੀ ਵਿਚੋਂ ਕਟੋਰਾ ਕਢਾਉਣ ਦੀ ਪ੍ਰੀਖਿਆ।

24. ਜਦੋਂ ਗੁਰੂ ਨਾਨਕ ਦੇਵ ਜੀ ਨੇ ਧਾਣਕ ਰੂਪ ਧਾਰਨ ਕੀਤਾ, ਅਜਿਹਾ ਭਿਆਨਕ ਰੂਪ ਬਣਾਇਆ ਕਿ ਲੋਕ ਹੌਲੀ ਹੌਲੀ ਪਿੱਛੇ ਮੁੜ ਗਏ ਅਤੇ ਜਦੋਂ ਭਾਈ ਲਹਿਣਾ ਨੂੰ ਪਿਛੇ ਮੁੜਨ ਲਈ ਕਿਹਾ ਤਾਂ ਭਾਈ ਲਹਿਣਾ ਜੀ ਨੇ ਕੀ ਜੁਆਬ ਦਿੱਤਾ?

- ਕਿਸੇ ਦਾ ਕੋਈ ਨਾ ਕੋਈ ਟਿਕਾਣਾ ਹੋਵੇਗਾ ਪਰ ਮੇਰਾ ਤਾਂ ਆਪ ਜੀ ਤੋਂ ਬਿਨਾਂ ਕੋਈ ਟਿਕਾਣਾ ਹੈ ਹੀ ਨਹੀਂ।

25 ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਕਿਸ ਗੁਣ ਕਰਕੇ ਪ੍ਰਾਪਤ ਹੋਈ?

- ਗੁਰੂ ਨਾਨਕ ਦੇਵ ਜੀ ਦਾ ਹਰ ਇੱਕ ਹੁਕਮ ਮੰਨਣ ਕਰਕੇ।

26. ਭਾਈ ਲਹਿਣਾ ਜੀ ਨੂੰ ਗੁਰੂ ਜੀ ਨੇ ਗੁਰਿਆਈ ਬਖਸਿਸ਼ ਕਦੋਂ ਕੀਤੀ?

- 14 ਜੂਨ, 1539. (17 ਹਾੜ ਸੰਮਤ 1596) (ਸ੍ਰੋ ਗੁ.ਪ੍ਰ.ਕਮੇਟੀ, ਮਹਾਨਕੋਸ਼ ਮੁਤਾਬਿਕ)।

27. ਗੁਰੂ ਅੰਗਦ ਦੇਵ ਜੀ ਆਪਣਾ ਨਿਰਬਾਹ ਕਿਸ ਤਰ੍ਹਾਂ ਕਰਦੇ ਸਨ?

- ਮੁੰਜ ਦਾ ਵਾਣ ਵੱਟ ਕੇ ਅਤੇ ਉਸ ਨੂੰ ਵੇਚ ਕੇ ਪਰਵਾਰ ਦਾ ਨਿਰਬਾਹ ਕਰਦੇ ਸਨ।

28. ਉਸ ਸਿੱਖ ਬੀਬੀ ਦਾ ਨਾਮ ਦੱਸੋ ਜਿਸ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿੱਚ ਆਉਂਦਾ ਹੈ?

- ਮਾਤਾ ਖੀਵੀ ਜੀ (ਗੁਰੂ ਅੰਗਦ ਦੇਵ ਜੀ ਦੀ ਸੁਪਤਨੀ) (ਬਲਵੰਡ ਖੀਵੀ ਨੇਕ ਜਨ ਜਿਸ ਬਹੁਤੀ ਛਾਉ ਪਤ੍ਰਾਲੀ।।)

29. ਗੁਰੂ ਅੰਗਦ ਦੇਵ ਜੀ ਨੇ ਜਦੋਂ ਕਰਤਾਰਪੁਰ ਛੱਡਿਆ ਤਾਂ ਉਹ ਕਿਸ ਦੇ ਘਰ ਜਾ ਕੇ ਰਹਿਣ ਲੱਗੇ?

- ਮਾਤਾ ਭਿਰਾਈ ਜੀ ਦੇ ਘਰ ਖਡੂਰ ਵਿਖੇ।

30. ਗੁਰੂ ਅੰਗਦ ਦੇਵ ਜੀ ਨੂੰ ਕਿਸ ਤਰਾਂ ਲੱਭਿਆ ਗਿਆ?

- ਸਿੱਖ ਸੰਗਤ ਰਮਦਾਸ ਵਿਖੇ ਬਾਬਾ ਬੁੱਢਾ ਜੀ ਕੋਲ ਗਈ। ਉਹ ਪੰਜ ਸਿੱਖਾਂ ਤੇ ਭਾਈ ਬਲਵੰਡ ਸਮੇਤ ਖਡੂਰ ਪਹੁੰਚੇ। ਬੀਬੀ ਭਿਰਾਈ ਜੀ ਦੇ ਘਰ ਕੀਰਤਨ ਹੋਣ ਲੱਗਾ। ਗੁਰੂ ਅੰਗਦ ਦੇਵ ਜੀ ਨੇ ਕਮਰੇ ਤੋਂ ਬਾਹਰ ਆ ਕੇ ਸੰਗਤਾਂ ਨੂੰ ਦਰਸ਼ਨ ਦਿੱਤੇ।

31. ਮਾਤਾ ਭਿਰਾਈ ਗੁਰੂ ਅੰਗਦ ਦੇਵ ਜੀ ਦੇ ਕੀ ਲਗਦੇ ਸਨ?

- ਧਰਮ ਭੂਆ।

32. ਮਾਤਾ ਭਿਰਾਈ ਦੇ ਪਿਤਾ ਦਾ ਕੀ ਨਾਮ ਸੀ?

- ਚੌਧਰੀ ਤਖਤ ਮੱਲ।

33. ਗੁਰੂ ਅੰਗਦ ਦੇਵ ਜੀ ਨੇ ਕਿਸ ਨੂੰ ਲੰਗਰ ਦੀ ਸੇਵਾ ਤੋਂ ਹਟਾਇਆ ਸੀ ਅਤੇ ਕਿਉਂ?

- ਭਾਈ ਮਾਹਣੇ ਨੂੰ , ਉਹ ਲੰਗਰ ਵਰਤਾਉਣ ਸਮੇਂ ਗਰੀਬਾਂ ਨਾਲ ਕੌੜਾ ਬੋਲਦਾ ਸੀ।

34. ਉਹ ਕੌਣ ਸਿੱਖ ਸੀ ਜੋ ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿੱਚ ਹਰ ਰੋਜ਼ ਦਹੀਂ ਅਤੇ ਖਿਚੜੀ ਪਹੁੰਚਾਇਆ ਕਰਦਾ ਸੀ?

- ਭਾਈ ਜੀਵਾ ਜੀ ਅਤੇ ਬੀਬੀ ਜਿਵਾਈ ਜੀ।

35. ਘਿਉ ਵਾਲੀ (ਘਿਆਲੀ) ਖੀਰ ਕਿਹੜੇ ਗੁਰੂ ਮਹਿਲ ਬਣਾਉਂਦੇ ਅਤੇ ਵਰਤਾਉਂਦੇ ਸਨ?

- ਗੁਰੂ ਅੰਗਦ ਦੇਵ ਜੀ ਦੇ ਮਹਿਲ ਭਾਵ ਸੁਪਤਨੀ ਮਾਤਾ ਖੀਵੀ ਜੀ ਤਿਆਰ ਕਰਾਂਉਦੇ ਅਤੇ ਵਰਤਾਉਂਦੇ ਸਨ।

36 ਬੀਵੀ ਜਿਵਾਈ ਨੇ ਖਿਚੜੀ ਲੈ ਕੇ ਚਲਣ ਸਮੇਂ ਹਨੇਰੀ ਹਟਾਉਣ ਲਈ ਕੀ ਕੀਤਾ?

- ਰੱਬ ਅੱਗੇ ਅਰਦਾਸ।

37 ਬੀਵੀ ਜਿਵਾਈ ਜੀ ਦੀ ਖਿਚੜੀ ਉਸ ਦਿਨ ਗੁਰੂ ਜੀ ਨੇ ਕਿਉਂ ਨਾ ਖਾਧੀ?

- ਕਿਉਂਕਿ ਬੀਬੀ ਜਿਵਾਈ ਨੇ ਰੱਬ ਦੀ ਰਜ਼ਾ ਵਿੱਚ ਦਖ਼ਲ ਦਿੱਤਾ ਸੀ।

38. ਗੁਰੂ ਅੰਗਦ ਦੇਵ ਜੀ ਨੇ ਬੀਬੀ ਜਿਵਾਈ ਜੀ ਨੂੰ ਕੀ ਸਮਝਾਇਆ?

- ਸਾਨੂੰ ਰੱਬ ਦਾ ਭਾਣਾ ਅਤੇ ਹੁਕਮ ਖੁਸ਼ੀ ਨਾਲ ਮੰਨਣਾ ਚਾਹੀਦਾ ਹੈ।

39. ਗੁਰੂ ਅੰਗਦ ਦੇਵ ਜੀ ਵੇਲੇ ਲੰਗਰ ਦੀ ਦੇਖ ਰੇਖ ਕੌਣ ਕਰਦਾ ਸੀ?

- ਮਾਤਾ ਖੀਵੀ ਜੀ।

40. ਕਿਹੜੇ ਗੁਰੂ ਸਾਹਿਬ ਨੇ ਨਾਮ ਜਪਣ ਅਤੇ ਜਪਾਉਣ ਦੇ ਨਾਲ-ਨਾਲ ਕੁਸ਼ਤੀਆਂ ਦੇ ਘੋਲ ਵੀ ਕਰਵਾਏ ਅਤੇ ਅਖਾੜੇ ਵੀ ਬਣਵਾਏ?

- ਗੁਰੂ ਅੰਗਦ ਦੇਵ ਜੀ ਨੇ।

41. ਪੈਂਤੀ ਅੱਖਰੀ ਨੂੰ ਪ੍ਰਚੱਲਿਤ ਗੁਰਮੁਖੀ ਲਿਪੀ ਦਾ ਰੂਪ ਕਿਸ ਨੇ ਦਿੱਤਾ?

- ਗੁਰੂ ਅੰਗਦ ਦੇਵ ਜੀ ਨੇ।

42. ਭਾਈ ਲਹਿਣਾ ਜੀ ਕਿੰਨਾ ਸਮਾਂ ਗੁਰੂ ਨਾਨਕ ਸਾਹਿਬ ਦੀ ਸੇਵਾ ਵਿੱਚ ਰਹੇ?

- 7 ਸਾਲ।

43. ਗੁਰੂ ਅੰਗਦ ਦੇਵ ਜੀ ਨੇ ਆਪਣੇ ਪ੍ਰਚਾਰ ਦਾ ਕੇਂਦਰ ਕਿਹੜੇ ਸ਼ਹਿਰ ਨੂੰ ਬਣਾਇਆ ਸੀ?

- ਖਡੂਰ ਸਾਹਿਬ ਨੂੰ।

44. ਗੁਰੂ ਅੰਗਦ ਦੇਵ ਜੀ ਨਾਲ ਕਿਹੜਾ ਤੱਪਾ ਵੈਰ ਕਰਦਾ ਸੀ?

- ਤੱਪਾ ਸ਼ਿਵਨਾਥ।

45. ਤੱਪੇ ਨੇ ਲੋਕਾਂ ਨੂੰ ਕੀ ਕਹਿ ਕੇ ਗੁਰੂ ਅੰਗਦ ਦੇਵ ਜੀ ਨੂੰ ਖਡੂਰ ਸਾਹਿਬ ਤੋਂ ਬਾਹਰ ਨਿਕਲਵਾਇਆ?

- ਇਸ ਸੰਸਾਰੀ ਕਰਕੇ ਮੀਂਹ ਨਹੀਂ ਪੈ ਰਿਹਾ। ਇਸ ਨਿਗੁਰੇ ਨੂੰ ਬਾਹਰ ਕੱਢ ਦਿਉ। ਮੈਂ ਮੀਂਹ ਪਵਾ ਦਿਆਂਗਾ।

46. ਮੀਂਹ ਨਾ ਪੈਣ ਤੇ ਲੋਕਾਂ ਨੇ ਤੱਪੇ ਨਾਲ ਕੀ ਸਲੂਕ ਕੀਤਾ?

- ਧੱਕੇ ਮਾਰੇ ਤੇ ਆਪਣੇ ਖੇਤਾਂ ਵਿੱਚ ਘੜੀਸਿਆ।

47. ਜਦ ਪਿੰਡ ਵਾਸੀਆਂ ਨੇ ਤੱਪੇ ਨੂੰ ਟੰਗਾਂ ਤੋਂ ਫੜ੍ਹ ਕੇ ਘੜੀਸਿਆਂ ਤਾਂ ਗੁਰੂ ਜੀ ਨੂੰ ਪਤਾ ਲੱਗਣ ਤੇ ਉਨ੍ਹਾਂ ਨੇ ਪਿੰਡ ਵਾਸੀਆਂ ਨੂੰ ਕੀ ਉਪਦੇਸ਼ ਕੀਤਾ?

- ਮਾੜਿਆਂ ਨਾਲ ਚੰਗੇ ਹੋ ਕੇ ਵਰਤਣਾ, ਅਪਰਾਧੀਆਂ ਨੂੰ ਮੁਆਫ ਕਰਨਾਂ ਤੇ ਉਨ੍ਹਾਂ ਨੂੰ ਸਿੱਧੇ ਰਾਹ ਪਾਉਣਾ ਹੀ ਸਿੱਖੀ ਹੈ।

48. ਜਦੋਂ ਜੋਗੀਆਂ ਦੀ ਜਾਗੀਰ ਲੈਣ ਤੋਂ ਗੁਰੂ ਅੰਗਦ ਦੇਵ ਜੀ ਨੇ ਜੁਆਬ ਦੇ ਦਿੱਤਾ ਤਾਂ ਜੋਗੀਆਂ ਦੇ ਜ਼ੋਰ ਦੇਣ ਤੇ ਗੁਰੂ ਜੀ ਨੇ ਕੀ ਦਾਨ ਮੰਗਿਆ ਸੀ?

- ਗਰੀਬੀ ਦਾਨ।

49. ਗਰੀਬੀ ਦਾਨ ਮੰਗਣ ਤੇ ਜੋਗੀਆਂ ਨੇ ਕੀ ਆਖਿਆ ਸੀ?

\- ਗਰੀਬਾਂ ਨਾਲ ਪਿਆਰ ਕਰਨ ਦੀ ਬਰਕਤਿ ਮਿਲੀ ਰਹੇ।

50. ਪੂਜਾ ਦੇ ਧਾਨ ਬਾਰੇ ਗੁਰੂ ਅੰਗਦ ਦੇਵ ਜੀ ਦੇ ਕੀ ਵਿਚਾਰ ਹਨ?

\- ਗੁਰੂ ਜੀ ਪੂਜਾ ਦੇ ਧਾਨ ਨੂੰ ਗ੍ਰਿਹਿਸਤੀ ਵਾਸਤੇ ਕੱਚਾ ਪਾਰਾ ਦਸਦੇ ਹਨ।

51 ਚੌਧਰੀ ਮਲੂਕਾ ਕਿਸ ਬਿਮਾਰੀ ਨਾਲ ਪੀੜਤ ਸੀ?

\- ਮਿਰਗੀ ਦੀ ਬਿਮਾਰੀ ਨਾਲ ਅਤੇ ਸ਼ਰਾਬ ਪੀਣ ਦੀ ਆਦਤ ਨਾਲ।

52. ਗੁਰੂ ਅੰਗਦ ਦੇਵ ਜੀ ਨੇ ਚੌਧਰੀ ਮਲੂਕਾ ਨੂੰ ਕੀ ਉਪਦੇਸ਼ ਦਿੱਤਾ ਸੀ?

\- ਸ਼ਰਾਬ ਨਾ ਪੀਣ ਦਾ।

53. ਗੁਰੂ ਅੰਗਦ ਦੇਵ ਜੀ ਨੇ ਚੌਧਰੀ ਮਲੂਕਾ ਨੂੰ ਕੀ ਤਾੜਨਾ ਕੀਤੀ ਸੀ ?

\- ਗੁਰੂ ਜੀ ਨੇ ਤਾੜਨਾ ਕੀਤੀ ਕਿ ਜੇ ਉਹ ਸ਼ਰਾਬ ਪੀਏਗਾ ਤਾਂ ਮਿਰਗੀ ਦੀ ਬੀਮਾਰੀ ਉਸਨੂੰ ਫੇਰ ਚੰਬੜ ਜਾਵੇਗੀ।

54. ਜਦ ਹੰਮਾਯੂੰ ਨੇ ਆਪਣਾ ਨਿਰਾਦਰ ਸਮਝਿਆ ਅਤੇ ਗੁੱਸੇ ਵਿੱਚ ਤਲਵਾਰ ਕੱਢ ਲਈ ਤਾਂ ਗੁਰੂ ਅੰਗਦ ਜੀ ਨੇ ਉਸ ਸਮੇਂ ਕੀ ਫੁਰਮਾਇਆ ਸੀ?

\- ਬਾਦਸ਼ਾਹ ! ਜਿਹੜੀ ਤਲਵਾਰ ਤੂੰ ਫਕੀਰਾਂ ਤੇ ਖਿੱਚਣ ਲੱਗਾ ਹੈਂ ਇਹ ਸ਼ੇਰ ਸ਼ਾਹ ਸੂਰੀ ਦੇ ਟਾਕਰੇ ਵੇਲੇ ਕਿੱਥੇ ਸੀ?

55. ਉਪਰੋਕਤ ਘਟਨਾ ਕਿਸ ਸਮੇਂ ਦੀ ਹੈ?

\- ਸੰਨ 1540 ਈਸਵੀ ਦੀ।

56 ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬੀਬੀ ਅਮਰੋ ਕਿਸ ਨਾਲ ਵਿਆਹੀ ਹੋਈ ਸੀ?

\- ਗੁਰੂ ਅਮਰਦਾਸ ਜੀ ਦੇ ਛੋਟੇ ਭਰਾ ਮਾਣਕ ਚੰਦ ਜੀ ਦੇ ਪੁੱਤਰ ਬਾਬਾ ਜੱਸੂ ਨਾਲ।

57 ਜਦੋਂ ਗੁਰੂ ਅੰਗਦ ਦੇਵ ਜੀ ਗੁਰੂ ਅਮਰਦਾਸ ਜੀ ਨੂੰ ਮਿਲੇ ਤਾਂ ਗੁਰੂ ਅੰਗਦ ਦੇਵ ਜੀ ਦੀ ਉਸ ਸਮੇਂ ਕਿੰਨੀ ਉਮਰ ਸੀ?

\- 36 ਸਾਲ।

58. ਜਦੋਂ ਭਾਈ ਬਲਵੰਡ ਜੀ ਨਰਾਜ਼ਗੀ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਵਿੱਚ ਆਏ ਤਾਂ ਗੁਰੂ ਜੀ ਨੇ ਕੀ ਸਿੱਖਿਆ ਦਿੱਤੀ?

\- ਕਿਸੇ ਸਿੱਖ ਦਾ ਮਨ ਨਾ ਤੋੜਨਾ। ਸਿੱਖ ਦੇ ਮਨ ਵਿੱਚ ਮੈਂ ਹੀ ਹੁੰਦਾ ਹਾਂ।

59. ਗੁਰੂ ਅੰਗਦ ਦੇਵ ਜੀ ਨੇ ਬਹੁਤਾ ਜ਼ੋਰ ਕਿਸ ਤੇ ਦਿੱਤਾ?

\- ਗੁਰ ਸ਼ਬਦ ਦੀ ਲੋੜ ਤੇ।

60. ਭਾਈ ਲਹਿਣਾ ਜੀ ਦੀ ਘਾਲੀ ਘਾਲ ਬਾਰੇ ਸੱਤਾ ਤੇ ਬਲਵੰਡ ਜੀ ਨੇ ਜੋ ਵਾਰ ਲਿਖੀ ਹੈ, ਉਸ ਵਿੱਚ ਕੀ ਲਿਖਿਆ ਹੈ?

\- "ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ" (ਪੰਨਾ 967) (ਭਾਵ ਜਦੋਂ ਗੁਰੂ ਅੰਗਦ ਦੇਵ ਜੀ ਨੇ ਮਰਦਾਂ ਵਾਲੀ ਘਾਲ ਘਾਲੀ ਤਾਂ ਉਹ ਆਪਣੇ ਸਤਿਗੁਰੂ, ਗੁਰੂ ਨਾਨਕ ਦੇਵ ਜੀ ਦੇ ਦਰ ਤੇ ਕਬੂਲ ਹੋਏ)।

61. ਗੁਰੂ ਅੰਗਦ ਦੇਵ ਜੀ ਨੇ ਗੁਰ ਸ਼ਬਦ ਤੇ ਬਹੁਤਾ ਜੋਰ ਕਿਉਂ ਦਿੱਤਾ?

- ਕਿਉਂਕਿ ਉਹਨਾਂ ਦਾ ਜੀਵਨ ਵੀ ਗੁਰ ਸ਼ਬਦ ਨੇ ਹੀ ਬਦਲਿਆ ਸੀ।

62 ਗੁਰੂ ਅੰਗਦ ਦੇਵ ਜੀ ਕਿੰਨੇ ਸਾਲ ਗੁਰ ਗੱਦੀ ਤੇ ਬਿਰਾਜਮਾਨ ਰਹੇ?

- 12 ਸਾਲ 9 ਮਹੀਨੇ 17 ਦਿਨ (ਮਹਾਨ ਕੋਸ਼ ਪੰਨਾ 111)

63 ਗੁਰੂ ਅੰਗਦ ਦੇਵ ਜੀ ਨੇ ਕੁੱਲ ਕਿੰਨੀ ਉਮਰ ਬਤੀਤ ਕੀਤੀ?

- 47 ਸਾਲ 11 ਮਹੀਨੇ 29 ਦਿਨ (ਮਹਾਨਕੋਸ਼ ਪੰਨਾ 111)।

64. ਗੁਰੂ ਅੰਗਦ ਦੇਵ ਜੀ ਨੇ ਗੁਰਬਾਣੀ ਦੀਆਂ ਪੋਥੀਆਂ ਕਿਸ ਨੂੰ ਸੌਂਪੀਆਂ ਸਨ?

- ਗੁਰੂ ਅਮਰਦਾਸ ਜੀ ਨੂੰ।

65 ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਿਆਈ ਦੇਣ ਸਮੇਂ ਕੀ ਕੀਤਾ ?

- ਭਾਈ ਲਹਿਣਾ ਜੀ ਨੂੰ ਆਪ ਮੱਥਾ ਟੇਕਿਆ। ਬਾਬਾ ਬੁੱਢਾ ਜੀ ਨੂੰ ਕਿਹਾ ਕਿ ਭਾਈ ਲਹਿਣਾ ਜੀ ਨੂੰ ਗੁਰਗੱਦੀ ਉਤੇ ਬਿਠਾਉਣ ਤੇ ਸੰਗਤ ਨੂੰ ਵੀ ਭਾਈ ਲਹਿਣਾ ਜੀ ਨੂੰ ਮੱਥਾ ਟੇਕਣ ਲਈ ਕਿਹਾ।

66. ਗੁਰੂ ਅੰਗਦ ਦੇਵ ਜੀ ਕਦੋਂ ਜੋਤੀ ਜੋਤ ਸਮਾਏ?

- 29 ਮਾਰਚ, 1552 ਈਸਵੀ ਨੂੰ।

67. ਗੁਰੂ ਅੰਗਦ ਦੇਵ ਜੀ ਕਿਸ ਸਥਾਨ ਤੇ ਜੋਤੀ ਜੋਤ ਸਮਾਏ?

- ਖਡੂਰ ਸਾਹਿਬ ਵਿਖੇ।

68. ਗੁਰੂ ਅੰਗਦ ਦੇਵ ਜੀ ਦੇ ਮਹਾਨ ਕਾਰਜ ਦੱਸੋ?

- 1) ਸਰੀਰਕ ਕਸਰਤ ਲਈ ਮੱਲ ਅਖਾੜੇ ਚਲਾਏ;
  2) ਗੁਰਮੁਖੀ ਲਿੱਪੀ ਦਾ ਸੁਧਾਰ ਤੇ ਪ੍ਰਚਾਰ ਕੀਤਾ;
  3) ਖਡੂਰ ਸਾਹਿਬ ਰਹਿ ਕੇ ਗੁਰੂ ਕਾ ਲੰਗਰ ਚਲਾਇਆ;
  4) ਉਦਾਸੀ ਸੰਪਰਦਾ ਦੇ ਪ੍ਰਭਾਵ ਤੋਂ ਸਿੱਖੀ ਨੂੰ ਬਚਾਇਆ;
  5) ਗੋਇੰਦਵਾਲ ਸਾਹਿਬ ਦੀ ਸਥਾਪਨਾ ਭਾਈ ਗੋਇੰਦੇ ਦੀ ਬੇਨਤੀ ਤੇ (ਗੁਰੂ) ਅਮਰਦਾਸ ਜੀ ਤੋਂ ਕਰਵਾਈ।

69 ਗੁਰੂ ਅੰਗਦ ਦੇਵ ਜੀ ਦੇ ਜੀਵਨ ਤੋਂ ਕੀ ਸਿੱਖਿਆ ਮਿਲਦੀ ਹੈ?

- ਗੁਰੂ ਅੰਗਦ ਦੇਵ ਜੀ ਦੇ ਜੀਵਨ ਤੋਂ ਸਿੱਖਿਆ ਮਿਲਦੀ ਹੈ ਕਿ ਸਾਨੂੰ ਗੁਰੂ ਦਾ ਹੁਕਮ ਮੰਨਣਾ ਚਾਂਹੀਦਾ ਹੈ।

70. ਤੁਕਾਂ ਪੂਰੀਆਂ ਕਰੋਂ:-

ਏਹ ਕਨੇਹੀ ਚਾਕਰੀ, ਜਿਤੁ ਭਉ ਖਸਮ ਨ ਜਾਇ।। -----?

- ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ।। (ਪੰਨਾ 475)

71. ਸਲਾਮ ਜਬਾਬ ਦੋਵੈ ਕਰੇ, ਮੁੰਢਹੁ ਘੁਥਾ ਜਾਇ।।------------?

- ਨਾਨਕ ਦੋਵੈ ਕੂੜੀਆ, ਥਾਇ ਨ ਕਾਈ ਪਾਇ।। (ਪੰਨਾ 474)

72. ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ।।------------? (ਪੰਨਾ 474)

- ਜੇਹਾ ਜਾਣੈ ਤੇਹੋ ਵਰਤੈ ਵੇਖਹੁ ਕੋ ਨਿਰਜਾਸਿ।।

73. ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ।।---------?

- ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ। (ਪੰਨਾ 474)

74. ਦਾਤਿ ਪਿਆਰੀ ਵਿਸਰਿਆ ਦਾਤਾਰਾ।।-------------?

- ਜਾਣੈ ਨਾਹੀ ਮਰਣੁ ਵਿਚਾਰਾ।। (ਪੰਨਾ 676)

75. ਨਕਿ ਨਥ ਖਸਮ ਹਥ ਕਿਰਤੁ ਧਕੇ ਦੇ।।--------?

- ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ।।(ਪੰਨਾ 653)

76. ਗੁਰੂ ਅੰਗਦ ਦੇਵ ਜੀ ਦੀ ਕਿਤਨੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ?

- 63 ਸਲੋਕ (ਮਹਾਨ ਕੋਸ਼ ਪੰਨਾ 437)।

77. ਗੁਰੂ ਅੰਗਦ ਦੇਵ ਜੀ ਦੇ ਸਲੋਕ ਗੁਰੂ ਗ੍ਰੰਥ ਸਾਹਿਬ ਵਿੱਚ ਕਿਥੇ ਦਰਜ ਹਨ?

- ਵੱਖ ਵੱਖ 9 ਵਾਰਾਂ ਵਿੱਚ।

78. ਬਾਬਾ ਅਜੀਤ ਸਿੰਘ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?

- 23 ਮਾਘ 1743 ਸੰਮਤ -ਜਨਵਰੀ 1686 - ਪਾਉਂਟਾ ਸਾਹਿਬ ਵਿਖੇ (ਮਹਾਨ ਕੋਸ਼ ਪੰਨਾ 48)।

79. ਬਾਬਾ ਜੁਝਾਰ ਸਿੰਘ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?

- ਸੰਨ 1690 ਨੂੰ ਆਨੰਦਪੁਰ ਸਾਹਿਬ ਵਿਖੇ।

80. ਬਾਬਾ ਜ਼ੋਰਾਵਰ ਸਿੰਘ ਜੀ ਦਾ ਜਨਮ ਕਦੋਂ ਹੋਇਆ ?

- ਮੱਘਰ ਸੁਦੀ 3 ਸੰਮਤ 1753 (ਮਹਾਨ ਕੋਸ਼ ਪੰਨਾ 537)।

81. ਬਾਬਾ ਫਤਿਹ ਸਿੰਘ ਜੀ ਦਾ ਜਨਮ ਕਦੋਂ ਹੋਇਆ ?

- ਫੱਗਣ ਸੁਦੀ 7 ਸੰਮਤ 1755 (ਮਹਾਨ ਕੋਸ਼ ਪੰਨਾ 808)

82. ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਗੁਰੂ ਜੀ ਨਾਲੋਂ ਕਿੱਥੇ ਵਿਛੜੇ ਸਨ?

- ਸਰਸਾ ਨਦੀ ਦੇ ਕਿਨਾਰੇ ਤੇ।

83. ਜਦ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦੇ ਸਰਸਾ ਨਦੀ ਪਾਰ ਕਰਦੇ ਸਮੇਂ ਵਿਛੜਦੇ ਹਨ ਤਾਂ ਪਹਿਲੀ ਰਾਤ ਕਿੱਥੇ ਬਿਤਾਉਂਦੇ ਹਨ?

- ਕੁੱਮਾ ਮਾਸ਼ਕੀ ਦੀ ਝੁੱਗੀ ਵਿੱਚ।

84. ਕੁੱਮਾ ਮਾਸ਼ਕੀ ਦੀ ਝੁੱਗੀ ਵਿੱਚ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਲਈ ਰੋਟੀ ਕਿਸ ਨੇ ਪਹੁੰਚਾਈ ਸੀ?

- ਲਛਮੀ ਨਾਮ ਦੀ ਮਾਈ ਨੇ।

85. ਗੰਗੂ ਬ੍ਰਾਹਮਣ ਕੌਣ ਸੀ?

- ਗੁਰੂ ਗੋਬਿੰਦ ਸਿੰਘ ਜੀ ਦਾ ਪਹਿਲਾ ਰਸੋਈਆ।

86. ਗੰਗੂ ਬ੍ਰਾਹਮਣ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਕਿਥੇ ਲੈ ਗਿਆ?

- ਆਪਣੇ ਪਿੰਡ ਸਹੇੜੀ (ਨੇੜੇ ਮੋਰਿੰਡਾ)।

87. ਗੰਗੂ ਬ੍ਰਾਹਮਣ ਦੇ ਘਰੋਂ ਮਾਤਾ ਗੁਜਰੀ ਜੀ ਦੀਆਂ ਮੋਹਰਾਂ ਵਾਲੀ ਥੈਲੀ ਕਿਸ ਨੇ ਚੁਰਾਈ?

- ਆਪ ਗੰਗੂ ਬ੍ਰਾਹਮਣ ਨੇ।

88. ਗੰਗੂ ਬ੍ਰਾਹਮਣ ਨੇ ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਦੀ ਸੂਹ ਕਿਹੜੀ ਕੋਤਵਾਲੀ ਵਿੱਚ ਦਿੱਤੀ ਸੀ?

- ਮੋਰਿੰਡਾ ਕੋਤਵਾਲੀ ਵਿੱਚ।

89. ਕਿਹੜੇ ਕੋਤਵਾਲ ਨੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਨ ਦੀ ਕਚਹਿਰੀ ਵਿੱਚ ਪੇਸ਼ ਕੀਤਾ ਸੀ?

- ਕੋਤਵਾਲ ਜਾਨੀ ਖਾਂ ਨੇ ।

90. ਸਾਹਿਬਜ਼ਾਦਿਆਂ ਨੂੰ ਮਾਤਾ ਜੀ ਤੋਂ ਵੱਖ ਕਰਕੇ ਕਚਹਿਰੀ ਵਿੱਚ ਕਦੋਂ ਪੇਸ਼ ਕੀਤਾ ਗਿਆ?

- 25 ਦਸੰਬਰ, 1704 ਈਸਵੀ ਨੂੰ ।

91. ਸਾਹਿਬਜ਼ਾਦਿਆਂ ਨੂੰ ਜਦੋਂ ਛੋਟੇ ਦਰਵਾਜੇ ਵਿੱਚੋਂ ਲੰਘਾਇਆ ਗਿਆ ਤਾਂ ਉਹਨਾਂ ਨੇ ਸਭ ਤੋਂ ਪਹਿਲਾਂ ਕਿਹੜਾ ਅੰਗ ਦਰਵਾਜ਼ੇ ਦੇ ਅੰਦਰ ਕੀਤਾ?

\- ਪੈਰ।

92. ਦਰਵਾਜ਼ੇ ਤੋਂ ਅੰਦਰ ਲੰਘ ਕੇ ਸਾਹਿਬਜ਼ਾਦਿਆਂ ਨੇ ਹਾਕਮ ਨੂੰ ਕਿਸ ਤਰ੍ਹਾਂ ਬੁਲਾਇਆ?

\- ਗੱਜ ਕੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ਬੁਲਾਈ।

93. ਸਾਹਿਬਜ਼ਾਦਿਆਂ ਨੂੰ ਸੱਪ ਦੇ ਬੱਚੇ ਕਿਸ ਨੇ ਕਿਹਾ ਸੀ?

\- ਦੀਵਾਨ ਸੁੱਚਾ ਨੰਦ ਨੇ।

94. ਸੂਬਾ ਸਰਹੰਦ ਦਾ ਨਾਮ ਦੱਸੋ?

\- ਵਜ਼ੀਰ ਖਾਨ।

95. ਕਿਸ ਨੇ ਕਚਹਿਰੀ ਵਿੱਚ ਬੱਚਿਆਂ ਦੀ ਸ਼ਹਾਦਤ ਨੂੰ ਸ਼ਰ੍ਹਾ ਦੇ ਵਿਰੁੱਧ ਦੱਸਿਆ?

\- ਮਲੇਰਕੋਟਲਾ ਦੇ ਨਵਾਬ ਸ਼ੇਰਖਾਨ ਨੇ।

96 ਛੋਟੇ ਸਾਹਿਬਜ਼ਾਦੇ ਕਿਸ ਤਰ੍ਹਾਂ ਸ਼ਹੀਦ ਕੀਤੇ ਗਏ?

\- ਨੀਹਾਂ ਵਿੱਚ ਚਿਣ ਕੇ।

97. ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਠੰਢੇ ਬੁਰਜ ਵਿੱਚ ਦੁੱਧ ਕਿਸ ਨੇ ਪਿਲਾਇਆ?

\- ਮੋਤੀ ਮਹਿਰੇ ਨੇ।

98. ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਕਦੋਂ ਚਿਣਿਆ ਗਿਆ?

\- 27 ਦਸੰਬਰ, 1704 ਈਸਵੀ ਨੂੰ (13 ਪੋਹ ਸੰਮਤ 1761- ਮਹਾਨਕੋਸ਼ ਪੰਨਾ 808)

99. ਬੱਚਿਆਂ ਦੀਆਂ ਮ੍ਰਿਤਕ ਦੇਹਾਂ ਕਿਸ ਨੇ ਪ੍ਰਾਪਤ ਕੀਤੀਆਂ?

\- ਦੀਵਾਨ ਟੋਡਰ ਮੱਲ ਨੇ।

100. ਟੋਡਰ ਮੱਲ ਨੇ ਮ੍ਰਿਤਕ ਦੇਹਾਂ ਦੇ ਸੰਸਕਾਰ ਕਰਨ ਲਈ ਜ਼ਮੀਨ ਕਿਸ ਭਾਅ ਤੇ ਪ੍ਰਾਪਤ ਕੀਤੀ?

\- ਸੋਨੇ ਦੀਆਂ ਖੜੀਆਂ ਮੋਹਰਾਂ ਨਾਲ ਜ਼ਮੀਨ ਮਿਣ ਕੇ ਅੰਤਮ ਸੰਸਕਾਰ ਲਈ ਜ਼ਮੀਨ ਪ੍ਰਾਪਤ ਕੀਤੀ।

101. ਜਿੱਥੇ ਛੋਟੇ ਸਾਹਿਬਜ਼ਾਦਿਆਂ ਦਾ ਸੰਸਕਾਰ ਕੀਤਾ ਗਿਆ, ਉਥੇ ਕਿਹੜਾ ਗੁਰਦੁਆਰਾ ਸੁਸ਼ੋਭਿਤ ਹੈ?

\- ਗੁਰਦੁਆਰਾ ਸਾਹਿਬ ਜੋਤੀ ਸਰੂਪ।

102 ਮਾਤਾ ਗੁਜਰੀ ਜੀ ਨੂੰ ਕਿਸ ਸਥਾਨ ਤੇ ਰੱਖਿਆ ਗਿਆ?

\- ਠੰਡੇ ਬੁਰਜ ਵਿੱਚ।

103 ਮਾਤਾ ਗੁਜਰੀ ਜੀ ਕੌਣ ਸਨ?

\- ਗੁਰੂ ਤੇਗ ਬਹਾਦਰ ਜੀ ਦੀ ਧਰਮ ਪਤਨੀ, ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਅਤੇ ਸਾਹਿਬਜ਼ਾਦਿਆਂ ਦੀ ਦਾਦੀ ਜੀ।

104 ਮਾਤਾ ਗੁਜਰੀ ਜੀ ਦੇ ਪਿਤਾ ਦਾ ਕੀ ਨਾਮ ਸੀ?

\- ਸ੍ਰੀ ਲਾਲ ਚੰਦ ਖੱਤਰੀ।

105 ਮਾਤਾ ਗੁਜਰੀ ਜੀ ਦਾ ਵਿਆਹ ਕਦੋਂ ਹੋਇਆ?

\- 15 ਅੱਸੂ ਸੰਮਤ 1686 ਨੂੰ । (ਮਹਾਨਕੋਸ਼ ਪੰਨਾ 411)

106 ਮਾਤਾ ਗੁਜਰੀ ਜੀ ਦੀ ਸੰਤਾਨ ਬਾਰੇ ਦੱਸੋ?

\- ਮਾਤਾ ਜੀ ਦੇ ਇੱਕੋ ਸਪੁੱਤਰ ਗੁਰੂ ਗੋਬਿੰਦ ਸਿੰਘ ਜੀ ਸਨ।

107 ਮਾਤਾ ਗੁਜਰੀ ਦਾ ਪੇਕਾ ਸਥਾਨ ਕਿਹੜਾ ਸੀ?

\- ਕਰਤਾਰਪੁਰ (ਜਲੰਧਰ)।

108 ਮਾਤਾ ਗੁਜਰੀ ਜੀ ਦੇ ਕੁੱਖੋਂ ਬਾਲਕ ਗੋਬਿੰਦ ਰਾਇ ਨੇ ਕਦ ਅਤੇ ਕਿੱਥੇ ਜਨਮ ਲਿਆ?

- ਪੋਹ ਸੁਦੀ ਸਤਮੀਂ ਸੰਮਤ 1723(26 ਦਸੰਬਰ 1666) ਨੂੰ ਪਟਨਾ ਸਾਹਿਬ ਵਿਖੇ।

109 ਮਾਤਾ ਗੁਜਰੀ ਜੀ ਕਦੋਂ ਸ਼ਹੀਦ ਹੋਏ?

- 27 ਦਿਸੰਬਰ 1704 ਈਸਵੀ (13 ਪੋਹ ਸੰਮਤ 1761 - ਮਹਾਨਕੋਸ਼ ਪੰਨਾ 411)।

110 ਮਾਤਾ ਗੁਜਰੀ ਜੀ ਕਿਥੇ ਸ਼ਹੀਦ ਹੋਏ?

- ਠੰਡੇ ਬੁਰਜ ਅੰਦਰ (ਫਤਿਹਗੜ੍ਹ ਸਾਹਿਬ)।

111. ਜਦ ਬਾਬਾ ਅਜੀਤ ਸਿੰਘ ਬ੍ਰਾਹਮਣੀ ਛੁਡਾ ਕੇ ਲਿਆਏ ਤਾਂ ਨਾਲ ਕਿਸ ਨੂੰ ਬੰਨ੍ਹ ਕੇ ਲਿਆਂਦਾ ਸੀ?

- ਜਾਬਰ ਖਾਂ ਨੂੰ।

112 ਗੁਰੂ ਜੀ ਨੇ ਬਾਬਾ ਅਜੀਤ ਸਿੰਘ ਜੀ ਨਾਲ ਕਿੰਨੀ ਫੌਜ ਭੇਜੀ?

- 100 ਘੋੜ ਸਵਾਰ।

113 ਦੇਵਦਾਸ ਬ੍ਰਾਹਮਣ ਦੀ ਪਤਨੀ ਕਿਸ ਦੀ ਕੈਦ ਵਿੱਚ ਸੀ?

- ਜਾਬਰ ਖਾਂ ਦੀ।

114 ਜਦ ਸਿੰਘਾਂ ਨੇ ਸਰਸਾ ਨਦੀ ਪਾਰ ਕਰਨੀ ਸੀ ਉਸ ਸਮੇਂ ਵੈਰੀ ਨੂੰ ਕਿਸ ਨੇ ਰੋਕ ਕੇ ਰੱਖਿਆ?

- ਬਾਬਾ ਅਜੀਤ ਸਿੰਘ ਅਤੇ ਉਨ੍ਹਾਂ ਦੇ ਕੁੱਝ ਸਾਥੀ ਸਿੰਘਾਂ ਨੇ।

115 ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿੱਚ ਦੇਵਦਾਸ ਬ੍ਰਾਹਮਣ ਨੇ ਕੀ ਫਰਿਆਦ ਕੀਤੀ?

- ਆਪ ਮੇਰੀ ਮੱਦਦ ਕਰੋ ਤੇ ਮੇਰੀ ਪਤਨੀ ਨੂੰ ਜਾਬਰ ਹਾਕਮ ਦੇ ਹਰਮ ਤੋਂ ਅਜ਼ਾਦ ਕਰਾਓ ਜੀ।

116 ਗੁਰੂ ਜੀ ਨੇ ਬ੍ਰਾਹਮਣ ਦੀ ਮੱਦਦ ਲਈ ਕਿਸ ਨੂੰ ਭੇਜਿਆ?

- ਬਾਬਾ ਅਜੀਤ ਸਿੰਘ ਨੂੰ।

117 ਵੱਡੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਕਦੋਂ ਹੋਈਆਂ?

- 8 ਪੋਹ ਸੰਮਤ 1761 (22 ਦਸੰਬਰ ਸੰਨ 1704 ਨੂੰ )

118 ਵੱਡੇ ਸਾਹਿਬਜ਼ਾਦੇ ਕਿਸ ਥਾਂ ਤੇ ਸ਼ਹੀਦ ਹੋਏ?

- ਚਮਕੌਰ ਸਾਹਿਬ ਵਿਖੇ।

119 ਕਿਸ ਸਿੰਘ ਨੇ ਵੱਡੇ ਸਾਹਿਬਜ਼ਾਦਿਆਂ ਦੀਆਂ ਮ੍ਰਿਤਕ ਦੇਹਾਂ ਉਪਰ ਕੱਫਨ ਪਾਉਣ ਲਈ ਗੁਰੂ ਜੀ ਨੂੰ ਪੁੱਛਿਆ?

- ਭਾਈ ਮਾਨ ਸਿੰਘ ਨੇ ।

120 ਗੁਰੂ ਜੀ ਨੇ ਅੱਗੋਂ ਕੀ ਜੁਆਬ ਦਿੱਤਾ?

- ਬਾਕੀ ਸ਼ਹੀਦ ਹੋਏ ਸਿੰਘ ਵੀ ਸਾਹਿਬਜ਼ਾਦਿਆਂ ਤੋਂ ਘੱਟ ਨਹੀਂ।

121 ਕਿਹੜੇ ਸਿੱਖ ਦੀ ਸ਼ਕਲ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਦੀ ਸੀ?

- ਭਾਈ ਸੰਗਤ ਸਿੰਘ ਦੀ।

122 ਵੱਡੇ ਸਾਹਿਬਜ਼ਾਦੇ ਕਿਸ ਤਰ੍ਹਾਂ ਸ਼ਹੀਦ ਹੋਏ?

- ਵੱਡੇ ਸਾਹਿਬਜ਼ਾਦੇ ਲੜਾਈ ਦੇ ਮੈਦਾਨ ਵਿੱਚ ਲੜ ਕੇ ਸ਼ਹੀਦ ਹੋਏ।

123 ਸਾਹਿਬਜ਼ਾਦਿਆਂ ਦੀ ਧਾਰਮਿਕ, ਸੰਸਾਰਕ ਤੇ ਸ਼ਸਤਰ ਵਿੱਦਿਆ ਦੀ ਸਿਖਲਾਈ ਕਿਸ ਦੀ ਨਿਗਰਾਨੀ ਹੇਠ ਹੋਈ ਸੀ?

- ਗੁਰੂ ਗੋਬਿੰਦ ਸਿੰਘ ਜੀ ਦੀ ਨਿਗਰਾਨੀ ਹੇਠ।

124 ਚਮਕੌਰ ਵਿਖੇ ਗੁਰੂ ਸਾਹਿਬ ਅਤੇ ਸਿੰਘ ਕਿਸ ਦੀ ਹਵੇਲੀ ਵਿੱਚ ਠਹਿਰੇ ਸਨ?

- ਭਾਈ ਰੂਪੇ ਦੀ ਹਵੇਲੀ ਵਿੱਚ।

## ਰਹਿਤਨਾਮਾ

1. ਦੇਗ ਤੋਂ ਤੁਹਾਡਾ ਕੀ ਭਾਵ ਹੈ?
- ਲੋਹ ਲੰਗਰ।

2. ਤੇਗ ਤੋਂ ਤੁਹਾਡਾ ਕੀ ਭਾਵ ਹੈ?
- ਕ੍ਰਿਪਾਨ ਧਾਰਨ ਕਰ ਜਬਰ ਤੇ ਜ਼ੁਲਮ ਦੇ ਖਾਤਮੇ ਲਈ ਜੁਟੇ ਰਹਿਣਾ।

3. ਸਿੱਖ ਦੀ ਰਹਿਣੀ ਕਿੰਨੇ ਤਰ੍ਹਾਂ ਦੀ ਹੈ?
- ਦੋ ਤਰ੍ਹਾਂ ਦੀ ....ਸਖਸ਼ੀ ਤੇ ਪੰਥਕ।

4. ਨਿਸ਼ਾਨ ਸਾਹਿਬ ਕੀ ਸੰਦੇਸ਼ ਦੇਂਦਾ ਹੈ?
- ਨਿਮਾਣਿਆਂ ਦਾ ਮਾਣ,ਨਿਥਾਵਿਆਂ ਦਾ ਥਾਂਵ ਅਤੇ ਭੁੱਖੇ ਗਰੀਬ ਲਈ ਲੰਗਰ ਸਹਾਇਤਾ ਦਾ ਐਲਾਨ ਸੰਕੇਤ।

5. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਸਿੱਖ ਬੀਬੀ ਨੂੰ ਬੈਠਣ ਦਾ ਅਧਿਕਾਰ ਹੈ ਜਾਂ ਨਹੀਂ?
- ਸਿੱਖ ਬੀਬੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਣ ਦਾ ਪੂਰਾ ਅਧਿਕਾਰ ਹੈ?

6. ਸਿੱਖ ਰਹਿਤ ਮਰਯਾਦਾ ਅਨੁਸਾਰ ਸੰਸਕਾਰ ਕਿੰਨੇ ਤਰ੍ਹਾਂ ਦੇ ਹਨ?
- ਚਾਰ ਤਰ੍ਹਾਂ ਦੇ , ਜਨਮ ਤੇ ਨਾਮ ਸੰਸਕਾਰ, ਅੰਮ੍ਰਿਤ ਸੰਸਕਾਰ, ਅਨੰਦ ਸੰਸਕਾਰ ਅਤੇ ਮਿਰਤਕ ਸੰਸਕਾਰ।

7. ਅਖੰਡ ਪਾਠ ਸਮੇਂ ਕੁੰਡ, ਜੋਤ, ਨਾਰੀਅਲ ਆਦਿ ਰੱਖਣਾ ਚਾਹੀਦਾ ਹੈ?
- ਨਹੀਂ। ਇਹ ਸਭ ਮਨਮੱਤ ਹੈ। ਉਂਜ ਖੁਸ਼ਬੂ ਆਦਿ ਵਾਸਤੇ ਧੂਪ ਜਲਾਈ ਜਾ ਸਕਦੀ ਹੈ।

8. ਪੰਜ ਪਿਆਰਿਆਂ ਵਿੱਚ ਕੋਈ ਅੰਗਹੀਣ ਹੋ ਸਕਦਾ ਹੈ?
- ਨਹੀਂ ਜੀ। ਸਾਰੇ ਸਿੰਘ ਸਾਬਤ ਸੂਰਤ ਤੇ ਰਹਿਤ ਵਿੱਚ ਪਰਪੱਕ ਹੋਣੇ ਚਾਹੀਦੇ ਹਨ।

9. ਪੰਜ ਪਿਆਰੇ ਬਾਟੇ ਦੇ ਇਰਦ ਗਿਰਦ ਕਿਹੜੇ ਆਸਨ ਹੋ ਕੇ ਬੈਠਦੇ ਹਨ?
- ਬੀਰ ਆਸਨ।

10. ਗੁਰੂ ਸੰਗਤਾਂ ਦੇ ਫੈਸਲਿਆਂ ਦੀ ਅਪੀਲ ਕਿਥੇ ਕੀਤੀ ਜਾਂਦੀ ਹੈ?
- ਸ੍ਰੀ ਅਕਾਲ ਤਖਤ ਸਾਹਿਬ ।

11. ਸਹਿਜਧਾਰੀ ਸਿੱਖ ਕਿਸ ਨੂੰ ਕਹਿੰਦੇ ਹਨ?
- ਉਹ ਜਗਿਆਸੂ, ਜੋ ਕੇਸਾਧਾਰੀ ਹੈ ਤੇ ਹੌਲੀ ਹੌਲੀ ਸਿੱਖੀ ਧਾਰਨ ਕਰ ਰਿਹਾ ਹੈ ਪਰ ਸਾਰੇ ਸੰਸਕਾਰ ਗੁਰਬਾਣੀ ਅਤੇ ਗੁਰਮਤਿ ਅਨੁਸਾਰ ਕਰਦਾ ਹੈ, ਉਹ ਸਹਿਜਧਾਰੀ ਸਿੱਖ ਹੈ।

12. ਰੈਡ ਕਰਾਸ ਦੇ ਬਾਨੀ ਦਾ ਨਾਮ ਦੱਸੋ?
- ਭਾਈ ਘਨੱਈਆ ਜੀ।

13. ਸਹਿਜਧਾਰੀ ਤੇ ਪਤਿਤ ਵਿੱਚ ਕੀ ਫਰਕ ਹੈ?
- ਸਹਿਜਧਾਰੀ ਦਾ ਮਤਲਬ ਉਹ ਮਨੁੱਖ ਜੋ ਸਹਿਜੇ ਸਹਿਜੇ ਗੁਰੂ ਵੱਲ ਵਧ ਰਿਹਾ ਹੈ ਤੇ ਪਤਿਤ ਹੇਠਾਂ ਗਿਰ ਰਿਹਾ ਹੈ।

14. ਹਰਿਮੰਦਰ ਸਾਹਿਬ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ ਕਿਸ ਨੇ ਕੀਤਾ ਸੀ?
- ਬਾਬਾ ਬੁੱਢਾ ਜੀ ਨੇ ਗੁਰੂ ਅਰਜਨ ਦੇਵ ਜੀ ਦੀ ਬਖਸ਼ਿਸ਼ ਅਤੇ ਰਹਿਮਤ ਸਦਕਾ।

15. ਬੀਬੀ ਕੌਲਾਂ ਦੇ ਨਾਮ ਤੇ ਕਿਹੜੀ ਯਾਦਗਾਰ ਬਣੀ ਹੋਈ ਹੈ?
- ਗੁਰਦੁਆਰਾ ਕੌਲਸਰ ਸਾਹਿਬ ਅੰਮ੍ਰਿਤਸਰ ਸਾਹਿਬ।

16. ਇੱਕ ਕਥਾ ਅਨੁਸਾਰ ਬੀਬੀ ਰਜਨੀ ਦਾ ਪਤੀ ਕਿਹੜੀ ਛਪੜੀ ਦੇ ਵਿੱਚ ਨਹਾ ਕੇ ਰੋਗ ਮੁਕਤ ਹੋਇਆ ਸੀ?
- ਅੰਮ੍ਰਿਤਸਰ ਸਰੋਵਰ ਵਿੱਚ ਦੁਖ ਭੰਜਨੀ ਬੇਰੀ ਦੇ ਥੱਲੇ।

17. ਭਾਈ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਨੇ ਆਪਣੇ ਘੋੜੇ ਕਿਹੜੇ ਦਰਖ਼ਤ ਨਾਲ ਬੰਨ੍ਹੇ ਸੀ?
- ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਲਾਚੀ ਬੇਰ ਨਾਲ।

18. ਹਰਿਮੰਦਰ ਸਾਹਿਬ ਨੂੰ ਹਰਿਮੰਦਰ ਕਹਿਣਾ ਉਚਿਤ ਹੈ ਜਾਂ ਸਵਰਣ ਮੰਦਰ?

- ਹਰਿਮੰਦਰ ਸਾਹਿਬ। ਕਿਉਂਕਿ ਹਰਿਮੰਦਰ ਕਹਿਣ ਨਾਲ ਜਗਿਆਸੂ ਹਰੀ ਨਾਲ ਜੁੜਦਾ ਹੈ।

19. ਨਿਰਮਲ ਅਖਾੜੇ ਕਿੰਨ੍ਹਾਂ ਨੂੰ ਕਿਹਾ ਜਾਂਦਾ ਹੈ?

- ਉਹ ਅਸਥਾਨ ਜਿਥੇ ਨਿਰਮਲੇ ਸਾਧੂ ਗੁਰਮਤਿ ਦੀ ਸਿੱਖਿਆ ਦਿੰਦੇ ਸਨ।

20. ਭਾਈ ਘਨਈਆ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਪਾਣੀ ਪਿਲਾਉਣ ਦੇ ਨਾਲ ਨਾਲ ਹੋਰ ਕਿਹੜੀ ਸੇਵਾ ਬਖਸ਼ੀ?

- ਜ਼ਖਮੀ ਸਿਪਾਹੀਆਂ ਦੇ ਜ਼ਖਮਾਂ ਤੇ ਮੱਲ੍ਹਮ ਪੱਟੀ ਕਰਨ ਦੀ।

21. ਕੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਗੁਟਕੇ ਤੋਂ ਪਾਠ ਕੀਤਾ ਜਾ ਸਕਦਾ ਹੈ?

- ਕੋਈ ਹਰਜ਼ ਨਹੀਂ। ਪਰ ਚੰਗਾ ਹੋਵੇ ਜੇ ਸੰਗਤ ਬੈਠੀ ਹੋਵੇ ਤਾਂ ਤਾਬਿਆ ਬੈਠੇ ਨੂੰ ਗੁਟਕੇ ਤੇ ਪਾਠ ਨਹੀਂ ਕਰਨਾ ਚਾਹੀਦਾ ਇਹ ਕਾਰਜ ਇਕੱਲਾ ਦੁਕੱਲਾ ਬੈਠ ਕੇ ਹੋਵੇ ਤਾਂ ਸਹੀ ਹੈ।

22. ਪਾਠ ਕਰਦਿਆਂ ਜੇ ਕੋਈ ਗੱਲ ਕਰਨੀਂ ਪੈ ਜਾਵੇ, ਤਾਂ ਕਰ ਸਕਦੇ ਹਾਂ ਕਿ ਨਹੀਂ?

- ਜੇ ਅਤਿ ਮਜ਼ਬੂਰੀ ਹੋਵੇ, ਪਾਠ ਕਰਦੇ ਸਮੇਂ ਗੱਲ ਕਰਨ ਦਾ ਕੋਈ ਭਰਮ ਨਹੀਂ।

23. ਕੀ ਪੀਰ ਬੁੱਢਣ ਸ਼ਾਹ ਦੀ ਕਬਰ ਉਤੇ ਮੱਥਾ ਟੇਕਣਾ ਚਾਹੀਦਾ ਹੈ?

- ਨਹੀਂ।ਗੁਰਮਤਿ ਅਨੁਸਾਰ ਕਿਸੇ ਵੀ ਪੀਰ ਫਕੀਰ, ਮੜੀ ਮਸਾਣ ਜਾਂ ਪੱਥਰਾਂ ਨੂੰ ਮੱਥਾ ਟੇਕਣਾ ਮਨਮੱਤ ਹੈ।

24. ਬੇਬੇ ਨਾਨਕੀ ਅਤੇ ਬੀਬੀ ਨਾਨਕੀ ਵਿੱਚ ਕੀ ਫਰਕ ਹੈ?

- ਬੇਬੇ ਨਾਨਕੀ ਗੁਰੂ ਨਾਨਕ ਦੀ ਭੈਣ ਸੀ। ਬੀਬੀ ਨਾਨਕੀ ਗੁਰੂ ਹਰਿਗੋਬਿੰਦ ਜੀ ਦੀ ਸੁਪਤਨੀ ਤੇ ਗੁਰੂ ਤੇਗ ਬਹਾਦਰ ਜੀ ਦੀ ਮਾਤਾ ਜੀ ਸਨ।

25. ਰਹਿਰਾਸ ਸ਼ਬਦ ਦੇ ਕੀ ਅਰਥ ਹਨ?

- ਰਸਤੇ ਵਾਸਤੇ ਜਮ੍ਹਾ ਪੂੰਜੀ।

26. ਅਰਦਾਸ ਹੋਣ ਵੇਲੇ ਤਾਬਿਆ ਬੈਠੇ ਸਿੰਘ ਨੂੰ ਕੀ ਕਰਨਾ ਚਾਹੀਦਾ ਹੈ?

- ਅਰਦਾਸ ਸਮੇਂ ਖੜ੍ਹੇ ਹੋ ਕੇ ਗੁਰੂ ਗ੍ਰੰਥ ਸਾਹਿਬ ਨੂੰ ਚੌਰ ਕਰਨਾ ਚਾਹੀਦਾ ਹੈ।

27. ਚਰਨੀਂ ਲੱਗਿਆ ਕਿਸ ਨੂੰ ਕਹਿੰਦੇ ਹਨ?

- ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵਾਕ ਲੈਣ ਜਾਂ ਪਾਠ ਕਰ ਲੈਣ ਵਾਲੇ ਨੂੰ ਚਰਨੀਂ ਲੱਗਿਆ ਕਹਿੰਦੇ ਹਨ।

28. ਨਿੱਤਨੇਮ ਕਿਸ ਨੂੰ ਕਹਿੰਦੇ ਹਨ?

- ਉਹ ਨਿਯਮ ਜੋ ਹਰ ਰੋਜ ਨਿਯਤ ਸਮੇਂ ਤੇ ਪੂਰਾ ਕੀਤਾ ਜਾਵੇ। ਪਾਠ ਕੀਰਤਨ ਨਾਲ ਨਿੱਤਨੇਮ ਦੀ ਧਾਰਨਾ ਜੁੜ ਗਈ ਹੈ।

29. ਸੋਹਿਲਾ ਤੋਂ ਤੁਹਾਡਾ ਕੀ ਭਾਵ ਹੈ?

- ਉਸਤਿਤ ਭਰੀ ਖੁਸ਼ੀ ਦਾ ਗੀਤ।

30. ਕੀਰਤਨ ਕਿਸ ਨੂੰ ਕਹਿੰਦੇ ਹਨ?

- ਜਦ ਗੁਰਬਾਣੀ ਦੇ ਸ਼ਬਦਾਂ ਨੂੰ ਕਿਸੇ ਰੀਤ ਵਿੱਚ ਬੰਨ੍ਹ ਕੇ ਗਾਇਆ ਜਾਵੇ ਤਾਂ ਉਸ ਨੂੰ ਕੀਰਤਨ ਕਹਿੰਦੇ ਹਨ।

31. ਗੁਰਦੁਆਰਾ ਸਾਹਿਬ ਵਿੱਚ ਕਿਹੜੀਆਂ ਕਿਹੜੀਆਂ ਰਚਨਾਵਾਂ ਦਾ ਕੀਰਤਨ ਹੋ ਸਕਦਾ ਹੈ ?

- ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਈ ਗੁਰਦਾਸ ਦੀਆਂ ਵਾਰਾਂ, ਭਾਈ ਨੰਦ ਲਾਲ ਜੀ ਦੀ ਰਚਨਾ। ਦਸਮ ਗ੍ਰੰਥ ਦਾ ਕੀਰਤਨ ਵੀ ਹੁੰਦਾ ਹੈ।

32. ਅੰਮ੍ਰਿਤ ਕੌਣ ਛਕ ਸਕਦਾ ਹੈ?

- ਹਰ ਉਹ ਪ੍ਰਾਣੀ ਜੋ ਸਿੱਖ ਧਰਮ ਦੇ ਅਸੂਲਾਂ ਉਪਰ ਚੱਲਣ ਦਾ ਪ੍ਰਣ ਕਰੇ।

33. ਕੀ ਸਿੱਖ ਬੀਬੀਆਂ ਪੈਂਟ ਕਮੀਜ਼ ਪਾ ਸਕਦੀਆਂ ਹਨ?

- ਜੀ ਹਾਂ, ਪਰ ਬਸਤਰ ਭੜਕੀਲੇ ਜਾਂ ਨੰਗੇਜ਼ ਵਾਲੇ ਨਾਂ ਹੋਣ ਤਾਂ ਕਿ ਦੂਸਰਿਆਂ ਦੀਆਂ ਭਾਵਨਾਵਾਂ ਖ਼ਰਾਬ ਨਾ ਹੋਣ।

34. ਸਿੱਖ ਔਰਤ ਤੇ ਸਿੰਘਣੀ ਦੀ ਸਹੀ ਪਹਿਚਾਣ ਕੀ ਹੈ?

- ਦੁਪੱਟੇ ਜਾਂ ਕੇਸਕੀ ਨਾਲ ਸਿਰ ਕੱਜਿਆ ਹੋਇਆ, ਸਾਬਤ ਸੂਰਤ ਦਿੱਖ ਵਾਲੀ, ਕਕਾਰਾਂ ਦੀ ਧਾਰਨੀ ਅਤੇ ਸੁਚੱਜੇ ਗੁਣਾਂ ਦੀ ਮਹਿਕ ਵਾਲੀ ਔਰਤ।

35. ਜਦੋਂ ਸੰਗਤੀ ਅਰਦਾਸ ਵਿੱਚ ਆਉਂਦਾ ਹੈ, ਬੋਲੋ ਜੀ ਖਾਲਸਾ ਜੀ, ਵਾਹਿਗੁਰੂ ਤਾਂ ਸਾਰੇ ਵਾਹਿਗੁਰੂ ਬੋਲਦੇ ਹਨ ਪਰ ਜਦੋਂ ਇਕੱਲੇ ਹੋਈਏ, ਫੇਰ?

- ਸਿੱਖ ਕਦੇ ਵੀ ਇਕੱਲਾ ਨਹੀਂ ਹੁੰਦਾ .. ਉਸ ਦਾ ਗੁਰੂ ਉਸਦੇ ਸੰਗ ਹੁੰਦਾ ਹੈ।

36. ਕਈ ਸਿੱਖ ਕਹਿੰਦੇ ਹਨ ਕਿ ਮਨ ਸਾਫ ਹੋਣਾ ਚਾਹੀਦਾ ਹੈ ਕੇਸਾਂ ਜਾਂ ਅੰਮ੍ਰਿਤ ਦੀ ਕੋਈ ਲੋੜ ਨਹੀਂ, ਕੀ ਇਹ ਠੀਕ ਹੈ?

- ਉਹਨਾਂ ਵੀਰਾਂ ਕੋਲੋਂ ਪੁੱਛਣਾ ਚਾਹੀਦਾ ਹੈ ਕਿ ਕੀ ਗੁਰੂ ਗੋਬਿੰਦ ਸਿੰਘ ਜੀ ਦਾ ਮਨ ਸਾਫ ਨਹੀਂ ਸੀ? ...ਗੁਰਮਤਿ ਧਾਰਨ ਕਰਨ ਵਾਸਤੇ ਅੰਮ੍ਰਿਤ ਛਕਣਾ ਜ਼ਰੂਰੀ ਹੈ ਅਤੇ ਕੇਸਾਂ ਤੋਂ ਬਿਨਾਂ ਸਿੱਖੀ ਪੂਰੀ ਨਹੀਂ ਹੈ।

37. ਅੰਮ੍ਰਿਤ ਕੀ ਹੈ?

- ਅੰਮ੍ਰਿਤ ਇੱਕ ਪ੍ਰਣ ਹੈ ਜੋ ਸਿੱਖ ਆਪਣੇ ਗੁਰੂ ਨਾਲ ਕਰਦਾ ਹੈ ਕਿ ਉਹ ਗੁਰੂ ਦੇ ਦਰਸਾਏ ਹੋਏ ਮਾਰਗ ਤੇ ਸਾਰੀ ਜ਼ਿੰਦਗੀ ਚੱਲੇਗਾ। ਗੁਰੂ ਦੀ ਬਖਸ਼ਿਸ਼ ਸਿੱਖ ਉਤੇ ਹੁੰਦੀ ਹੀ ਹੈ।

38. ਖਾਲਸਾ ਸ਼ਬਦ ਕਿਸ ਨੇ ਪਹਿਲੀ ਵਾਰ ਵਰਤਿਆ ਸੀ?

- ਭਗਤ ਕਬੀਰ ਨੇ ...... ਕਹੁ ਕਬੀਰ ਜਨ ਭਏ ਖਾਲਸੇ।

39. ਜਿੱਥੇ ਗੁਰਦੁਆਰਾ ਸਾਹਿਬ ਹੋਵੇ ਕੀ ਉਥੇ ਨਿਸ਼ਾਨ ਸਾਹਿਬ ਦਾ ਹੋਣਾ ਲਾਜ਼ਮੀ ਹੈ?

- ਜੀ ਹਾਂ। ਕਿਉਂਕਿ ਨਿਸ਼ਾਨ ਸਾਹਿਬ ਦੂਰੋਂ ਹੀ ਹੋਕਾ ਦੇ ਦਿੰਦਾ ਹੈ ਕਿ ਉਥੇ ਗੁਰੂ ਨਾਨਕ ਦੀ ਵਿਚਾਰਧਾਰਾ ਦਾ ਅੰਮ੍ਰਿਤ ਵਰਸਦਾ ਹੈ।

40. ਹਲਵਾਈ ਵੱਲੋਂ ਤਿਆਰ ਕੀਤਾ ਭੋਜਨ ਲੰਗਰ ਅਖਵਾ ਸਕਦਾ ਹੈ?

- ਨਹੀਂ ਜੀ। ਲੰਗਰ ਸਿੱਖ ਸੰਗਤਾਂ ਦੇ ਹੱਥੀਂ ਨਾਮ ਬਾਣੀ ਦਾ ਜਾਪ ਕਰਦੇ ਹੋਏ ਤਿਆਰ ਕੀਤੇ ਭੋਜਨ ਨੂੰ ਹੀ ਕਹਿੰਦੇ ਹਨ।

ਆਸਾ ਮਹਲਾ ੫

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥
ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥
ਸੇਵਕ ਕਉ ਨਿਕਟੀ ਹੋਇ ਦਿਖਾਵੈ ॥
ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥੧॥ ਰਹਾਉ ॥
ਤਿਸੁ ਸੇਵਕ ਕੇ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ ॥
ਤਿਸਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ ॥੨॥

ਧਨਾਸਰੀ ਮਹਲਾ ੫

ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥
ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ ॥੧॥
ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ ॥
ਆਦਿ ਅੰਤਿ ਪ੍ਰਭੁ ਸਦਾ ਸਹਾਈ ਧੰਨੁ ਹਮਾਰਾ ਮੀਤੁ ॥ਰਹਾਉ॥
ਮਨਿ ਬਿਲਾਸ ਭਏ ਸਾਹਿਬ ਕੇ ਅਚਰਜ ਦੇਖਿ ਬਡਾਈ ॥
ਹਰਿ ਸਿਮਰਿ ਸਿਮਰਿ ਆਨਦ ਕਰਿ ਨਾਨਕ ਪ੍ਰਭਿ ਪੂਰਨ ਪੈਜ ਰਖਾਈ ॥

35. ਜਦੋਂ ਸੰਗਤੀ ਅਰਦਾਸ ਵਿੱਚ ਆਉਂਦਾ ਹੈ, ਬੋਲੋ ਜੀ ਖਾਲਸਾ ਜੀ, ਵਾਹਿਗੁਰੂ ਤਾਂ ਸਾਰੇ ਵਾਹਿਗੁਰੂ ਬੋਲਦੇ ਹਨ ਪਰ ਜਦੋਂ ਇਕੱਲੇ ਹੋਈਏ, ਫੇਰ?

- ਸਿੱਖ ਕਦੇ ਵੀ ਇਕੱਲਾ ਨਹੀਂ ਹੁੰਦਾ .. ਉਸ ਦਾ ਗੁਰੂ ਉਸਦੇ ਸੰਗ ਹੁੰਦਾ ਹੈ।

36. ਕਈ ਸਿੱਖ ਕਹਿੰਦੇ ਹਨ ਕਿ ਮਨ ਸਾਫ ਹੋਣਾ ਚਾਹੀਦਾ ਹੈ ਕੇਸਾਂ ਜਾਂ ਅੰਮ੍ਰਿਤ ਦੀ ਕੋਈ ਲੋੜ ਨਹੀਂ, ਕੀ ਇਹ ਠੀਕ ਹੈ?

- ਉਹਨਾਂ ਵੀਰਾਂ ਕੋਲੋਂ ਪੁੱਛਣਾ ਚਾਹੀਦਾ ਹੈ ਕਿ ਕੀ ਗੁਰੂ ਗੋਬਿੰਦ ਸਿੰਘ ਜੀ ਦਾ ਮਨ ਸਾਫ ਨਹੀਂ ਸੀ? ...ਗੁਰਮਤਿ ਧਾਰਨ ਕਰਨ ਵਾਸਤੇ ਅੰਮ੍ਰਿਤ ਛਕਣਾ ਜ਼ਰੂਰੀ ਹੈ ਅਤੇ ਕੇਸਾਂ ਤੋਂ ਬਿਨਾਂ ਸਿੱਖੀ ਪੂਰੀ ਨਹੀਂ ਹੈ।

37. ਅੰਮ੍ਰਿਤ ਕੀ ਹੈ?

- ਅੰਮ੍ਰਿਤ ਇੱਕ ਪ੍ਰਣ ਹੈ ਜੋ ਸਿੱਖ ਆਪਣੇ ਗੁਰੂ ਨਾਲ ਕਰਦਾ ਹੈ ਕਿ ਉਹ ਗੁਰੂ ਦੇ ਦਰਸਾਏ ਹੋਏ ਮਾਰਗ ਤੇ ਸਾਰੀ ਜ਼ਿੰਦਗੀ ਚੱਲੇਗਾ। ਗੁਰੂ ਦੀ ਬਖਸ਼ਿਸ਼ ਸਿੱਖ ਉਤੇ ਹੁੰਦੀ ਹੀ ਹੈ।

38. ਖਾਲਸਾ ਸ਼ਬਦ ਕਿਸ ਨੇ ਪਹਿਲੀ ਵਾਰ ਵਰਤਿਆ ਸੀ?

- ਭਗਤ ਕਬੀਰ ਨੇ ...... ਕਹੁ ਕਬੀਰ ਜਨ ਭਏ ਖਾਲਸੇ।

39. ਜਿੱਥੇ ਗੁਰਦੁਆਰਾ ਸਾਹਿਬ ਹੋਵੇ ਕੀ ਉਥੇ ਨਿਸ਼ਾਨ ਸਾਹਿਬ ਦਾ ਹੋਣਾ ਲਾਜ਼ਮੀ ਹੈ?

- ਜੀ ਹਾਂ। ਕਿਉਂਕਿ ਨਿਸ਼ਾਨ ਸਾਹਿਬ ਦੂਰੋਂ ਹੀ ਹੋਕਾ ਦੇ ਦਿੰਦਾ ਹੈ ਕਿ ਉਥੇ ਗੁਰੂ ਨਾਨਕ ਦੀ ਵਿਚਾਰਧਾਰਾ ਦਾ ਅੰਮ੍ਰਿਤ ਵਰਸਦਾ ਹੈ।

40. ਹਲਵਾਈ ਵੱਲੋਂ ਤਿਆਰ ਕੀਤਾ ਭੋਜਨ ਲੰਗਰ ਅਖਵਾ ਸਕਦਾ ਹੈ?

- ਨਹੀਂ ਜੀ। ਲੰਗਰ ਸਿੱਖ ਸੰਗਤਾਂ ਦੇ ਹੱਥੀਂ ਨਾਮ ਬਾਣੀ ਦਾ ਜਾਪ ਕਰਦੇ ਹੋਏ ਤਿਆਰ ਕੀਤੇ ਭੋਜਨ ਨੂੰ ਹੀ ਕਹਿੰਦੇ ਹਨ।

ਆਸਾ ਮਹਲਾ ੫

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥
ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥
ਸੇਵਕ ਕਉ ਨਿਕਟੀ ਹੋਇ ਦਿਖਾਵੈ ॥
ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥੧॥ ਰਹਾਉ ॥
ਤਿਸੁ ਸੇਵਕ ਕੇ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ ॥
ਤਿਸਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ ॥੨॥

ਧਨਾਸਰੀ ਮਹਲਾ ੫

ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥
ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ ॥੧॥
ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ ॥
ਆਦਿ ਅੰਤਿ ਪ੍ਰਭੁ ਸਦਾ ਸਹਾਈ ਧੰਨੁ ਹਮਾਰਾ ਮੀਤੁ ॥ਰਹਾਉ॥
ਮਨਿ ਬਿਲਾਸ ਭਏ ਸਾਹਿਬ ਕੇ ਅਚਰਜ ਦੇਖਿ ਬਡਾਈ ॥
ਹਰਿ ਸਿਮਰਿ ਸਿਮਰਿ ਆਨਦ ਕਰਿ ਨਾਨਕ ਪ੍ਰਭਿ ਪੂਰਨ ਪੈਜ ਰਖਾਈ ॥